ਸਭ ਤੇ ਵਡਾ

ਸਤਿਗੁਰੁ ਨਾਨਕੁ



ਗੁਰੂ ਨਾਨਕ ਦੇਵ ਜੀ

ਪ੍ਰਕਾਸ਼ : 1469 ਈ. ਵਿੱਚ ਰਾਏ ਭੋਏ ਕੀ ਤਲਵੰਡੀ ਵਿਖੇ (ਹੁਣ ਨਨਕਾਣਾ ਸਾਹਿਬ, ਪਾਕਿਸਤਾਨ)

ਮਾਤਾ-ਪਿਤਾ : ਮਾਤਾ ਤ੍ਰਿਪਤਾ ਤੇ ਮਹਿਤਾ ਕਲਿਆਣ ਦਾਸ ਜੀ

ਭੈਣ : ਬੇਬੇ ਨਾਨਕੀ ਜੀ

ਗੁਰੂ ਕੇ ਮਹਲ : ਮਾਤਾ ਸੁਲੱਖਣੀ ਜੀ

ਸਾਹਿਬਜ਼ਾਦੇ : ਬਾਬਾ ਸਿਰੀ ਚੰਦ ਤੇ ਬਾਬਾ ਲਖਮੀ ਦਾਸ ਜੀ

ਪਹਿਲਾ ਸੰਦੇਸ਼ : 1499 ਈ. ਵਿੱਚ ਸੁਲਤਾਨਪੁਰ ਲੋਧੀ ਵਿਖੇ ਰਹਿੰਦਿਆਂ, ਇੱਕ ਦਿਨ ਸਵੇਰੇ ਗੁਰੂ ਸਾਹਿਬ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਲਈ ਗਏ ਜਿੱਥੇ ਆਪ ਨਾਮ-ਸਿਮਰਨ ਵਿੱਚ ਲਿਵਲੀਨ ਹੋ ਗਏ ਅਤੇ ਉਥੇ ਆਪ ਜੀ ਨੂੰ ਰੱਬੀ ਇਲਹਾਮ ਹੋਇਆ। ਉਥੋਂ ਬਾਹਰ ਆ ਕੇ ਆਪ ਜੀ ਨੇ ਲੋਕਾਈ ਨੂੰ ਆਪਣਾ ਪਹਿਲਾ ਸੰਦੇਸ਼ ਦਿੱਤਾ - "ਨਾ ਕੋ ਹਿੰਦੂ ਨਾ ਮੁਸਲਮਾਨ", ਭਾਵ ਸਭ ਇਕੋ ਹੀ ਪਿਤਾ ਦੀ ਸੰਤਾਨ ਹਨ, ਕੋਈ ਹਿੰਦੂ ਜਾਂ ਮੁਸਲਮਾਨ ਨਹੀਂ ਹੈ।

ਯਾਤਰਾਵਾਂ : ਗੁਰੂ ਨਾਨਕ ਸਾਹਿਬ ਨੇ ਸਮੁੱਚੀ ਲੋਕਾਈ ਨੂੰ ਸੱਚ ਦਾ ਰਾਹ ਦਰਸਾਉਣ ਲਈ ਚਾਰ ਉਦਾਸੀਆਂ (ਯਾਤਰਾਵਾਂ) ਵੱਖ-ਵੱਖ ਦਿਸ਼ਾਵਾਂ ਵਿੱਚ ਕੀਤੀਆਂ। ਆਪ ਜੀ ਨੇ ਸਾਰੇ ਭਾਰਤ ਤੋਂ ਇਲਾਵਾ ਸ੍ਰੀ ਲੰਕਾ, ਮੱਕਾ (ਸਊਦੀ ਅਰਬ), ਇਰਾਕ, ਇਰਾਨ ਤੇ ਅਫਗਾਨਿਸਤਾਨ ਦੀ ਵੀ ਯਾਤਰਾ ਕੀਤੀ। ਆਪ ਜੀ ਨੇ ਤਕਰੀਬਨ 20 ਸਾਲ ਯਾਤਰਾਵਾਂ ਵਿੱਚ ਲਾਏ। ਆਪ ਜੀ ਦੀਆਂ ਯਾਤਰਾਵਾਂ ਦਾ ਉਦੇਸ਼ ਮਨੁੱਖਤਾ ਦੀ ਭਲਾਈ ਅਤੇ ਦੂਜੀਆਂ ਧਾਰਮਿਕ ਰਵਾਇਤਾਂ ਨਾਲ ਸੰਵਾਦ ਕਰਕੇ ਸੱਚ ਦੇ ਮਾਰਗ ਨੂੰ ਉਜਾਗਰ ਕਰਨਾ ਸੀ।

ਸਾਥੀ : ਇਨ੍ਹਾਂ ਉਦਾਸੀਆਂ ਸਮੇਂ ਆਪ ਜੀ ਦੇ ਸਾਥੀ ਭਾਈ ਮਰਦਾਨਾ ਜੀ ਸਨ। ਇਨ੍ਹਾਂ ਦੇ ਸਿਰਲੇਖ ਹੇਠ 3 ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹਨ।

ਬਾਣੀ : 19 ਰਾਗਾਂ ਵਿੱਚ 974 ਸ਼ਬਦ

ਪ੍ਰਮੁੱਖ ਬਾਣੀਆਂ : ਜਪੁ, ਆਸਾ ਕੀ ਵਾਰ, ਪਹਰੇ, ਅਲਾਹਣੀਆ, ਕੁਚਜੀ, ਪਟੀ, ਸੁਚਜੀ, ਥਿਤੀ, ਆਰਤੀ, (ਦਖਣੀ) ਓਅੰਕਾਰ, ਬਾਰਹ ਮਾਹਾ, ਸਿਧ ਗੋਸਟਿ

ਵਾਰਾਂ : 3 - ਮਾਝ, ਆਸਾ ਤੇ ਮਲਾਰ ਰਾਗ ਵਿੱਚ

ਸਿੱਖਿਆ : ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ

ਮੁੱਖ ਕਾਰਜ :
* ਸੰਗਤ ਅਤੇ ਲੰਗਰ ਦੀ ਸਥਾਪਨਾ
* ਸੰਗਤ ਵਿੱਚੋਂ ਗੁਣਾਂ ਦੇ ਆਧਾਰ ਉੱਤੇ ਆਗੂ ਚੁਣਨਾ
* ਬਾਣੀ ਇਕੱਤਰ ਕਰਕੇ ਪੋਥੀ ਰੂਪ ਦੇਣਾ

ਸ਼ਹਿਰ ਵਸਾਇਆ : 1504 ਈ. ਵਿੱਚ ਰਾਵੀ ਨਦੀ ਦੇ ਕੰਢੇ ਉੱਤੇ ਕਰਤਾਰਪੁਰ ਸ਼ਹਿਰ ਵਸਾਇਆ

ਸਮਕਾਲੀਨ ਸ਼ਾਸਕ : ਬਹਿਲੋਲ ਲੋਧੀ (ਰ. 1451-89 ਈ.), ਸਿਕੰਦਰ ਲੋਧੀ (ਰ. 1489-1517 ਈ.), ਇਬਰਾਹੀਮ ਲੋਧੀ (ਰ. 1517-30 ਈ.), ਬਾਬਰ (ਰ. 1526-30 ਈ.), ਹਮਾਯੂੰ (ਰ. 1530-40 ਈ.)

ਗੁਰਗੱਦੀ ਸੌਂਪਣਾ : ਭਾਈ ਲਹਿਣਾ ਜੀ ਦਾ ਪਹਿਲੇ 'ਅੰਗਦ' ਨਾਂ ਰਖਿਆ ਤੇ ਫਿਰ ਉਨ੍ਹਾਂ ਨੂੰ ਸਿੱਖਾਂ ਦਾ ਦੂਜਾ ਗੁਰੂ ਥਾਪਿਆ

ਜੋਤੀ-ਜੋਤਿ : 1539 ਈ. ਵਿੱਚ ਰਾਵੀ ਨਦੀ ਦੇ ਕੰਢੇ ਕਰਤਾਰਪੁਰ ਵਿਖੇ (ਹੁਣ ਪਾਕਿਸਤਾਨ)

ਕਲਿਜੁਗ ਬਾਬੇ ਤਾਰਿਆ ਸਤਿ ਨਾਮੁ ਪੜਿ ਮੰਤ੍ਰ ਸੁਣਾਇਆ।।
ਕਲਿ ਤਾਰਣ ਗੁਰੁ ਨਾਨਕੁ ਆਇਆ।।
(ਭਾਈ ਗੁਰਦਾਸ ਜੀ, ਵਾਰ 1 ਪਉੜੀ 23)

ਗੁਰੂ ਨਾਨਕ ਦੇਵ ਜੀ

ਸਿੱਖ ਧਰਮ ਦੇ ਸੰਸਥਾਪਕ ਅਤੇ ਦਸ ਗੁਰੂ ਸਾਹਿਬਾਨ ਵਿਚੋਂ ਮੋਢੀ, ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਸੰਨ 1469 ਈ. ਨੂੰ ਰਾਏ ਭੋਏ ਕੀ ਤਲਵੰਡੀ, ਪਾਕਿਸਤਾਨ ਵਿਖੇ ਹੋਇਆ, ਜਿਸਨੂੰ ਕਿ ਹੁਣ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਆਪ ਜੀ ਦੇ ਪਿਤਾ, ਕਲਿਆਨ ਦਾਸ ਜੀ, ਜਿਨ੍ਹਾਂ ਨੂੰ ਮਹਿਤਾ ਕਾਲੂ ਕਰਕੇ ਯਾਦ ਕੀਤਾ ਜਾਂਦਾ ਹੈ, ਪਿੰਡ ਦੇ ਜਾਗੀਰਦਾਰ ਰਾਏ ਬੁਲਾਰ ਦੇ ਪਟਵਾਰੀ ਸਨ। ਮਹਿਤਾ ਕਾਲੂ ਜੀ ਦੀ ਆਪਣੀ ਕੁਝ ਜ਼ਮੀਨ ਵੀ ਸੀ ਜਿਸ ਵਿੱਚ ਉਹ ਖੇਤੀਬਾੜੀ ਕਰਦੇ ਅਤੇ ਮੱਝਾਂ ਰਖਦੇ ਸੀ। ਗੁਰੂ ਸਾਹਿਬ ਦੀ ਮਾਤਾ ਦਾ ਨਾਂ ਮਾਤਾ ਤ੍ਰਿਪਤਾ ਤੇ ਇੱਕ ਵੱਡੀ ਭੈਣ ਬੀਬੀ ਨਾਨਕੀ ਸੀ ਜੋ ਕਿ ਆਪਣੇ ਛੋਟੇ ਭਰਾ ਨਾਲ ਬਹੁਤ ਪਿਆਰ ਕਰਦੀ ਸੀ।

ਸੱਚੀ ਵਿੱਦਿਆ



ਗੁਰੂ ਨਾਨਕ ਇੱਕ ਸੁਲਝੇ ਹੋਏ ਬਾਲਕ ਸੀ ਜੋ ਕਿ ਪੰਜ ਸਾਲ ਦੀ ਉਮਰ ਵਿੱਚ ਹੀ ਜੀਵਨ ਦੇ ਮੰਤਵ ਆਦਿ ਬਾਰੇ ਪ੍ਰਸ਼ਨ ਕਰਨ ਲਗ ਪਏ। ਜਦੋਂ ਆਪ ਜੀ ਨੂੰ ਅੱਖਰਾਂ ਦਾ ਗਿਆਨ ਲੈਣ ਲਈ ਪੰਡਤ ਕੋਲ ਪੜ੍ਹਣ ਭੇਜਿਆ ਗਿਆ ਤਾਂ ਆਪ ਨੇ ਅੱਖਰਾਂ ਉੱਤੇ ਅਧਾਰਿਤ ਡੂੰਘੇ ਰਹੱਸ ਤੇ ਫਲਸਫੇ ਵਾਲੀ ਬਾਣੀ ਦੀ ਰਚਨਾ ਕਰਕੇ ਪੰਡਤ ਜੀ ਨੂੰ ਹੈਰਾਨ ਕਰ ਦਿੱਤਾ। ਅਧਿਆਪਕ ਬਾਲ ਗੁਰੂ ਦੇ ਡੂੰਘੇ ਗਿਆਨ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸਨੇ ਕਿਹਾ, "ਨਾਨਕ ਰੱਬ ਦਾ ਕੋਈ ਦੂਤ ਹੈ, ਸੰਤ ਹੈ, ਜੋ ਕਿ ਮਾਨਵਤਾ ਨੂੰ ਸੱਚ ਦਾ ਰਾਹ ਦਿਖਾਉਣ ਲਈ ਆਇਆ ਹੈ।"

ਸੱਪ ਦੀ ਛਾਂ

ਗੁਰੂ ਸਾਹਿਬ ਦੀ ਸਿਆਣਪ ਤੇ ਸੂਝ ਬਾਰੇ ਜਾਣ ਕੇ ਆਪ ਜੀ ਦੇ ਮਾਪੇ ਤੇ ਭੈਣ ਬਹੁਤ ਖ਼ੁਸ਼ ਹੋਏ ਪਰ ਉਹ ਰੋਜ਼ਾਨਾ ਜੀਵਨ ਦੇ ਕਾਰਜਾਂ ਵਿੱਚ ਆਪ ਜੀ ਵੱਲੋਂ ਦਰਸਾਈ ਜਾ ਰਹੀ ਨਿਰਾਸ਼ਤਾ ਤੋਂ ਚਿੰਤਤ ਸਨ। ਇੱਕ ਵਾਰ ਆਪ ਜੀ ਨੂੰ ਮੱਝਾਂ ਤੇ ਹੋਰ ਜਾਨਵਰਾਂ ਤੋਂ ਖੇਤਾਂ ਦੀ ਦੇਖਰੇਖ ਕਰਨ ਲਈ ਭੇਜਿਆ ਗਿਆ। ਖੇਤਾਂ ਦਾ ਗੇੜਾ ਮਾਰਨ ਤੋਂ ਬਾਅਦ ਆਪ ਜੀ ਇੱਕ ਦਰਖਤ ਦੀ ਛਾਂ ਹੇਠ ਬੈਠ ਗਏ ਅਤੇ ਉਥੇ ਹੀ ਪਰਮਾਤਮਾ ਦੇ ਨਾਮ ਵਿੱਚ ਲੀਨ ਹੋ ਗਏ। ਦੁਪਹਿਰ ਨੂੰ, ਛਾਂ ਦੂਜੇ ਪਾਸੇ ਵੱਲ ਹੋ ਗਈ।

SIKHBOOKCLUB.COM

ਇਸੇ ਸਮੇਂ ਉਥੋਂ ਪਿੰਡ ਦਾ ਮੁਖੀ, ਰਾਏ ਬੁਲਾਰ ਲੰਘ ਰਿਹਾ ਸੀ ਅਤੇ ਉਸਨੇ ਥੋੜੀ ਦੂਰੀ ਤੋਂ ਗੁਰੂ ਨਾਨਕ ਨੂੰ ਦਰਖਤ ਹੇਠਾਂ ਪਏ ਵੇਖਿਆ। ਭਾਵੇਂ ਸੂਰਜ ਸਿੱਧਾ ਗੁਰੂ ਸਾਹਿਬ ਦੇ ਮੂੰਹ ਉੱਤੇ ਸੀ ਪਰ ਫਿਰ ਵੀ ਗੁਰੂ ਸਾਹਿਬ ਦੇ ਚਿਹਰੇ ਉੱਤੇ ਛਾਂ ਸੀ। ਰਾਏ ਬੁਲਾਰ ਨੇ ਵੇਖਿਆ ਕਿ ਗੁਰੂ ਨਾਨਕ ਉੱਤੇ ਹੋ ਰਹੀ ਇਹ ਛਾਂ ਦਰਖਤ ਦੀ ਨਹੀਂ, ਬਲਕਿ ਇੱਕ ਸੱਪ ਦੀ ਹੈ ਜੋ ਆਪਣਾ ਫਨ ਕੱਢ ਕੇ ਬੈਠਾ, ਗੁਰੂ ਨਾਨਕ ਨੂੰ ਛਾਂ ਪ੍ਰਦਾਨ ਕਰ ਰਿਹਾ ਸੀ। ਉਨ੍ਹਾਂ ਦੇ ਕੋਲ ਪਹੁੰਚਣ ਉੱਤੇ, ਆਵਾਜ਼ ਸੁਣ ਕੇ, ਸੱਪ ਭੱਜ ਗਿਆ ਅਤੇ ਗੁਰੂ ਸਾਹਿਬ ਵੀ ਪ੍ਰਭੂ ਦਾ ਨਾਮ ਲੈਂਦੇ ਹੋਏ ਉਠ ਖਲੋਤੇ।

ਹੁਣ ਰਾਏ ਬੁਲਾਰ ਨੂੰ ਦ੍ਰਿੜ੍ਹ ਹੋ ਗਿਆ ਕਿ ਇਹ ਬਾਲ ਕੋਈ ਵੱਡਾ ਮਹਾਪੁਰਖ ਹੈ। ਉਸਨੇ ਮਹਿਤਾ ਕਾਲੂ ਜੀ ਨੂੰ ਕਿਹਾ, "ਤੁਹਾਡਾ ਪੁੱਤਰ ਕੋਈ ਦੈਵੀ ਰੂਹ ਹੈ ਅਤੇ ਇਹ ਪਿੰਡ ਇਸਦੀ ਮਿਹਰ ਨਾਲ ਹੀ ਵੱਸ ਰਿਹਾ ਹੈ।"



ਜਨੇਊ ਦੀ ਰਸਮ

ਨੌਂ ਸਾਲ ਦੀ ਉਮਰ ਵਿੱਚ ਪਰਿਵਾਰ ਵੱਲੋਂ ਜਨੇਊ ਪਾਉਣ ਦੀ ਰਸਮ ਨਿਭਾਉਣ ਦਾ ਪ੍ਰਬੰਧ ਕੀਤਾ ਗਿਆ। ਪੰਡਤ ਜੀ ਨੂੰ ਧਰਮ ਦੀ ਰੱਖਿਆ ਕਰਨ ਵਾਲਾ ਅਖੌਤੀ ਜਨੇਊ ਤਿਆਰ ਕਰਦਿਆਂ ਵੇਖ ਗੁਰੂ ਨਾਨਕ ਸਾਹਿਬ ਨੇ ਕਿਹਾ, "ਪੰਡਤ ਜੀ ! ਜੇ ਤੁਹਾਡੇ ਕੋਲ ਕੋਈ ਐਸਾ ਨਾ ਟੁੱਟਣ ਵਾਲਾ ਧਾਗਾ ਹੈ ਜੋ ਮਨੁੱਖ ਨੂੰ ਦਿਆਲੂ, ਸੰਤੋਖੀ ਤੇ ਸੰਜਮੀ ਬਣਾਉਂਦਾ ਹੈ, ਤਾਂ ਮੈਂ ਜ਼ਰੂਰ ਪਾਵਾਂਗਾ। ਨਹੀਂ ਤਾਂ ਮੈਂ ਹੋਰ ਕੋਈ ਧਾਗਾ ਧਾਰਨ ਕਰਨ ਨੂੰ ਤਿਆਰ ਨਹੀਂ।" ਉਥੇ ਮੌਜੂਦ ਲੋਕਾਂ ਨੇ ਐਸੇ ਸੂਝ ਭਰੇ ਬੋਲ ਕਦੇ ਪਹਿਲਾਂ ਨਹੀਂ ਸੁਣੇ ਸਨ। ਗੁਰੂ ਨਾਨਕ ਸਾਹਿਬ ਮੁੱਢ ਤੋਂ ਹੀ ਬੇਲੋੜੇ ਕਰਮ-ਕਾਂਡਾਂ ਦੀ ਬਜਾਏ ਪ੍ਰਭੂ ਦੀ ਪ੍ਰੇਮਾ-ਭਗਤੀ ਉੱਤੇ ਜ਼ੋਰ ਦਿੰਦੇ ਸਨ।

ਵੈਦ ਦੇ ਨਾਲ

ਛੋਟੀ ਉਮਰ ਤੋਂ ਹੀ ਗੁਰੂ ਨਾਨਕ ਸਾਹਿਬ ਉਸ ਸਮੇਂ ਦੀਆਂ ਧਾਰਮਕ ਰਵਾਇਤਾਂ ਤੇ ਆਗੂਆਂ ਨਾਲ ਲਗਾਤਾਰ ਮੇਲ-ਮਿਲਾਪ ਤੇ ਸੰਵਾਦ ਕਰਦੇ ਰਹਿੰਦੇ ਸਨ। ਆਪ ਜੀ ਮਨੁੱਖਤਾ ਤੋਂ ਹੀਨ, ਨਿਰੇ ਰੀਤੀ-ਰਿਵਾਜ਼ਾਂ ਤੇ ਕਰਮ-ਕਾਂਡਾਂ ਨੂੰ ਨਹੀਂ ਮੰਨਦੇ ਸਨ। ਇਹ ਸਭ ਵੇਖ ਕੇ ਪਰਿਵਾਰ ਦੇ ਲੋਕਾਂ ਨੂੰ ਲਗਿਆ ਕਿ ਗੁਰੂ ਸਾਹਿਬ ਨੂੰ ਕੋਈ ਸਰੀਰਕ ਜਾਂ ਮਾਨਸਿਕ ਬੀਮਾਰੀ ਹੈ। ਆਪ ਜੀ ਦੇ ਪਿਤਾ, ਮਹਿਤਾ ਕਾਲੂ ਜੀ ਨੇ ਵੈਦ ਹਰਦਾਸ ਜੀ ਨੂੰ ਬੁਲਾ ਭੇਜਿਆ ਜਿਨ੍ਹਾਂ ਨੇ ਬਾਲ ਗੁਰੂ ਦੀ ਜਾਂਚ ਕੀਤੀ। ਗੁਰੂ ਸਾਹਿਬ ਆਰਾਮ ਕਰ ਰਹੇ ਸਨ ਜਦੋਂ ਵੈਦ ਜੀ ਨੇ ਉਨ੍ਹਾਂ ਦੀ ਬਾਂਹ ਫੜ ਕੇ ਨਬਜ਼ ਵੇਖਣੀ ਚਾਹੀ। ਗੁਰੂ ਸਾਹਿਬ ਨੇ ਵੈਦ ਜੀ ਦੇ ਹੱਥ ਤੋਂ ਬਾਂਹ ਛੁਡਾਉਂਦੇ ਕਿਹਾ, "ਵੈਦ ਜੀ ! ਮੈਨੂੰ ਕੋਈ ਸਰੀਰਕ ਬੀਮਾਰੀ ਨਹੀਂ, ਮੈਨੂੰ ਐਸੀ ਬੀਮਾਰੀ ਹੈ ਜੋ ਤੁਹਾਡੀ ਸਮਝ ਤੋਂ ਪਰੇ ਹੈ। ਚੰਗਾ ਵੈਦ ਉਹੀ ਹੁੰਦਾ ਹੈ ਜੋ ਪਹਿਲਾਂ ਰੋਗ ਦੀ ਪਛਾਣ ਕਰਦਾ ਹੈ ਤੇ ਫਿਰ ਉਸ ਤੋਂ ਨਿਜਾਤ ਪਾਉਣ ਦੀ ਦਵਾਈ ਦਿੰਦਾ ਹੈ। ਤੁਸੀਂ ਅਸਲ ਵੈਦ ਨਹੀਂ ਹੋ ਕਿਉਂਕਿ ਤੁਸੀਂ ਅਜੇ ਆਪਣੀ ਬੀਮਾਰੀ ਦਾ ਹੀ ਇਲਾਜ ਨਹੀਂ ਕਰ ਸਕੇ।" ਇਹ ਸੁਣਦਿਆਂ ਹੀ ਵੈਦ ਜੀ ਨੇ ਜਾਂਚ ਕਰਨਾ ਬੰਦ ਕਰ ਦਿੱਤਾ ਅਤੇ ਕਿਹਾ, "ਮੈਂ ਤਾਂ ਚੰਗਾ-ਭਲਾ ਹਾਂ, ਮੈਨੂੰ ਕਿਹੜਾ ਰੋਗ ਹੈ ਜਿਸ ਬਾਰੇ ਤੁਸੀਂ ਗੱਲ ਕਰ ਰਹੇ ਹੋ ?" ਗੁਰੂ ਸਾਹਿਬ ਨੇ ਜੁਆਬ ਦਿੱਤਾ, "ਤੁਹਾਨੂੰ ਜਨਮ ਤੇ ਮਰਨ ਦਾ ਸੰਜੀਦਾ ਰੋਗ ਲਗਿਆ ਹੋਇਆ ਹੈ, ਤੁਹਾਡੀਆਂ ਦਿੱਤੀਆਂ ਦਵਾਈਆਂ ਨਾਲ ਇਹ ਜਨਮ-ਮਰਨ ਦਾ ਗੇੜ ਸਮਾਪਤ ਨਹੀਂ ਹੋਣਾ। ਅਕਾਲ ਪੁਰਖ ਹੀ ਅਸਲ ਵੈਦ ਹੈ ਜੋ ਕਿ ਜਨਮ-ਮਰਨ ਦੇ ਗੇੜ ਵਿੱਚ ਨਹੀਂ ਆਉਂਦਾ।" ਇਹ ਸੁਭ ਸੁਣ ਕੇ ਵੈਦ ਜੀ ਨੇ ਇਹ ਸਿੱਟਾ ਕੱਢਿਆ ਕਿ ਗੁਰੂ ਨਾਨਕ ਨੂੰ ਕਿਸੇ ਇਲਾਜ ਦੀ ਲੋੜ ਨਹੀਂ ਬਲਕਿ ਇਹ ਤਾਂ ਆਪ ਕਈਆਂ ਨੂੰ ਰੋਗ-ਮੁਕਤ ਕਰਨ ਦੇ ਸਮਰੱਥ ਹਨ।

SIKHBOOKCLUB.COM

ਸੱਚਾ ਸੌਦਾ

ਗੁਰੂ ਨਾਨਕ ਸਾਹਿਬ ਅਕਸਰ ਡੂੰਘੀਆਂ ਵਿਚਾਰਾਂ ਤੇ ਸਿਮਰਨ ਵਿੱਚ ਹੀ ਲੀਨ ਰਹਿੰਦੇ। ਆਪ ਜੀ ਦੁਨਿਆਵੀ ਕਾਰਜਾਂ ਵੱਲ ਬਹੁਤਾ ਧਿਆਨ ਨਾ ਦਿੰਦੇ ਜਦਕਿ ਆਪ ਜੀ ਦੇ ਮਾਤਾ-ਪਿਤਾ ਚਾਹੁੰਦੇ ਸਨ ਕਿ ਉਨ੍ਹਾਂ ਦਾ ਪੁੱਤਰ ਵੀ ਹੋਰਨਾਂ ਵਾਂਗ ਆਮ ਦੁਨਿਆਵੀ ਜੀਵਨ ਬਤੀਤ ਕਰੇ। ਇਸ ਲਈ ਉਨ੍ਹਾਂ ਨੇ ਆਪ ਜੀ ਦਾ ਵਿਆਹ ਬੀਬੀ ਸੁਲੱਖਣੀ ਜੀ ਨਾਲ ਕਰ ਦਿੱਤਾ। ਫਿਰ ਆਪ ਜੀ ਦੇ ਪਿਤਾ, ਮਹਿਤਾ ਕਾਲੂ ਜੀ ਨੇ ਸੋਚਿਆ ਕਿ ਆਪ ਨੂੰ ਦੁਕਾਨ ਲਈ ਕੁਝ ਵਸਤਾਂ ਖਰੀਦਣ ਵਾਸਤੇ ਨੇੜਲੇ ਸ਼ਹਿਰ ਵਿੱਚ ਭੇਜਿਆ ਜਾਵੇ ਤਾਂ ਕਿ ਆਪ ਜੀ ਦਾ ਧਿਆਨ ਕਾਰੋਬਾਰ ਵੱਲ ਹੋਵੇ। ਉਨ੍ਹਾਂ ਨੇ ਆਪ ਜੀ ਨੂੰ

ਵੀਹ ਰੁਪਏ ਦੀ ਰਕਮ ਦਿੱਤੀ ਅਤੇ ਕਿਹਾ, "ਇੱਕ ਸਾਥੀ ਨੂੰ ਲੈ ਕੇ ਚੂਹੜਖਾਨੇ ਜਾਓ ਅਤੇ ਉਥੋਂ ਕੁਝ ਵਸਤਾਂ ਖਰੀਦ ਕੇ ਲਿਆਓ ਤਾਂ ਕਿ ਕੁਝ ਲਾਭ ਹੋਵੇ।"

ਰਾਹ ਵਿੱਚ ਸੰਘਣੇ ਜੰਗਲਾਂ ਵਿੱਚੋਂ ਲੰਘਦਿਆਂ ਆਪ ਜੀ ਨੂੰ ਕੁਝ ਸਾਧੂ ਮਿਲੇ ਜੋ ਕਿ ਕਈ ਦਿਨਾਂ ਤੋਂ ਭੁੱਖੇ ਸਨ। ਆਪ ਜੀ ਨੇ ਸੋਚਿਆ, "ਮੈਨੂੰ ਕੋਈ ਲਾਹਵੰਦ ਸੌਦਾ ਕਰਨ ਲਈ ਕਿਹਾ ਗਿਆ ਹੈ। ਇਹ ਸਾਧੂ ਐਨੇ ਭੁੱਖੇ ਹਨ, ਕੀ ਇਨ੍ਹਾਂ ਨੂੰ ਭੋਜਨ ਛਕਾਉਣ ਤੋਂ ਚੰਗਾ ਹੋਰ ਕੋਈ ਵਧੀਆ ਕੰਮ ਹੋ ਸਕਦਾ ਹੈ।" ਆਪ ਜੀ ਨੇ ਦਿੱਤੀ ਹੋਈ ਰਕਮ ਨਾਲ ਸਾਧੂਆਂ ਲਈ ਲੋੜੀਂਦੀਆਂ ਵਸਤਾਂ ਲਈਆਂ ਅਤੇ ਵਾਪਸ ਉਥੇ ਹੀ ਆ ਗਏ। ਆਪ ਜੀ ਨੇ ਸਾਧੂਆਂ ਨੂੰ ਭੋਜਨ ਛਕਾਇਆ ਅਤੇ ਪਹਿਨਣ ਨੂੰ ਕਪੜੇ ਦਿੱਤੇ, ਜਿਸ ਲਈ ਸਾਧੂਆਂ ਨੇ ਗੁਰੂ ਸਾਹਿਬ ਦਾ ਧੰਨਵਾਦ ਕੀਤਾ। ਨਾਲ ਹੀ ਗੁਰੂ ਸਾਹਿਬ ਨੇ ਸਾਧੂਆਂ ਨੂੰ ਇਹ ਸਲਾਹ ਦਿੱਤੀ ਕਿ ਉਹ ਜੰਗਲਾਂ ਵਿੱਚ ਰਹਿਣਾ ਛੱਡ ਕੇ ਵਾਪਸ ਆਪਣੇ ਘਰਾਂ ਨੂੰ ਚਲੇ ਜਾਣ, ਜਿਸ ਲਈ ਸਾਧੂ ਰਾਜ਼ੀ ਹੋ ਗਏ।

ਇਹ ਗੱਲ ਵਿਚਾਰਨਯੋਗ ਹੈ ਕਿ ਉਸ ਸਮੇਂ ਦੇ ਵੀਹ ਰੁਪਏ ਅੱਜਕਲ ਦੇ ਹਜ਼ਾਰਾਂ (ਲੱਖਾਂ) ਰੁਪਇਆਂ ਦੇ ਬਰਾਬਰ ਹਨ। ਗੁਰੂ ਸਾਹਿਬ ਨੇ ਸਾਧੂਆਂ ਨੂੰ ਨਾ ਕੇਵਲ ਖਾਣਾ ਤੇ ਕਪੜੇ ਦਿੱਤੇ ਬਲਕਿ ਮਾਇਕ ਸਹਾਇਤਾ ਵੀ ਕੀਤੀ ਜਿਸ ਨਾਲ ਉਹ ਆਪਣਾ ਨਵਾਂ ਜੀਵਨ ਸ਼ੁਰੂ ਕਰ ਸਕਣ।

ਮੋਦੀਖਾਨਾ ਵਿਖੇ

SIKHBOOKCLUB.COM

ਗੁਰੂ ਨਾਨਕ ਸਾਹਿਬ ਦੀ ਭੈਣ ਬੀਬੀ ਨਾਨਕੀ ਤੇ ਉਨ੍ਹਾਂ ਦੇ ਪਤੀ ਭਾਈ ਜੈ ਰਾਮ ਨੇ ਗੁਰੂ ਸਾਹਿਬ ਨੂੰ ਆਪਣੇ ਪਾਸ ਸੁਲਤਾਨਪੁਰ ਆ ਕੇ ਰਹਿਣ ਦਾ ਸੱਦਾ ਭੇਜਿਆ। ਪੁੱਤਰ ਦੇ ਜਾਣ ਉੱਤੇ ਭਾਵੇਂ ਮਾਤਾ ਤ੍ਰਿਪਤਾ ਜੀ ਦੁਖੀ ਸਨ ਪਰ ਇਹ ਆਸ ਸੀ ਕਿ ਸ਼ਾਇਦ ਨਵੀਂ ਥਾਂ ਕਰਕੇ ਗੁਰੂ ਸਾਹਿਬ ਦਾ ਰੁਝਾਨ ਦੁਨਿਆਵੀ ਜੀਵਨ ਵੱਲ ਹੋ ਜਾਵੇ।

ਸੁਲਤਾਨਪੁਰ ਵਿੱਚ ਨਵਾਬ ਦੌਲਤ ਖਾਨ ਲੋਧੀ ਦੇ ਮੋਦੀਖਾਨੇ ਵਿੱਚ ਆਪ ਜੀ ਨੂੰ ਰੋਜ਼ਗਾਰ ਮਿਲ ਗਿਆ। ਆਪ ਜੀ ਆਪਣੇ ਕੰਮ ਨੂੰ ਬਖੂਬੀ ਨਿਭਾਉਂਦੇ ਅਤੇ ਜੋ ਵੀ ਆਪ ਕੋਲੋਂ ਸਾਮਾਨ ਲੈਣ ਆਉਂਦਾ, ਆਪ ਜੀ ਦੇ ਕੰਮ ਨੂੰ ਵੇਖ ਕੇ ਖੁਸ਼ ਹੁੰਦਾ। ਆਪਣੀ ਜ਼ਰੂਰਤ ਅਨੁਸਾਰ ਲੋੜੀਂਦੀਆਂ ਵਸਤਾਂ ਰੱਖ ਕੇ ਬਾਕੀ ਬਚਿਆ ਆਪਣਾ ਰਾਸ਼ਨ ਵੀ ਆਪ ਲੋੜਵੰਦਾਂ ਨੂੰ ਵੰਡ ਦਿੰਦੇ।

ਇੱਕ ਵਾਰ ਜਦੋਂ ਗੁਰੂ ਸਾਹਿਬ ਰਸਦ ਤੋਲ ਰਹੇ ਸਨ ਤਾਂ ਆਪ 13 (ਤੇਰ੍ਹਾ) ਉੱਤੇ ਹੀ ਰੁਕ ਗਏ ਕਿਉਂਕਿ 'ਤੇਰ੍ਹਾ' ਤੋਂ ਲਗਦਾ ਹੈ 'ਤੇਰਾ'। ਆਪ ਜੀ ਨੇ ਦੁਹਰਾਉਣਾ ਸ਼ੁਰੂ ਕਰ ਦਿੱਤਾ, "ਤੇਰਾ, ਤੇਰਾ, ਤੇਰਾ....." - ਵਸਤਾਂ ਲੈਣ ਆਏ ਲੋਕਾਂ ਨੇ ਸਮਝਿਆ ਕਿ ਇਹ ਉਨ੍ਹਾਂ ਲਈ ਕਿਹਾ ਜਾ ਰਿਹਾ ਹੈ। ਗੁਰੂ ਸਾਹਿਬ ਨੂੰ "ਤੇਰਾ, ਤੇਰਾ..." ਬੋਲਦੇ ਅਤੇ ਬਿਨਾ ਜਾਂਚੇ ਵਜ਼ਨ ਕੀਤੇ ਰਸਦ ਵੰਡਦਿਆਂ ਵੇਖ, ਕਿਸੇ ਨੇ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਕਿ ਮੋਦੀਖਾਨੇ ਵਿੱਚ ਭਾਰੀ ਨੁਕਸਾਨ ਹੋ ਰਿਹਾ ਹੈ। ਗੁਰੂ ਸਾਹਿਬ ਨੂੰ ਦਰਬਾਰ ਵਿੱਚ ਬੁਲਾ ਕੇ ਇਸਦਾ ਜੁਆਬ ਮੰਗਿਆ ਗਿਆ। ਮੋਦੀਖਾਨੇ ਦੇ ਲੇਖੇ ਦੀ ਵੀ ਜਾਂਚ ਕੀਤੀ ਗਈ ਪਰ ਉਸ ਵਿੱਚ ਕੋਈ ਗਲਤੀ ਨਹੀਂ ਪਾਈ ਗਈ ਅਤੇ ਉਥੇ ਪਈ ਰਸਦ ਵੀ ਪੂਰੀ ਨਿਕਲੀ।



ਇਹ ਵੇਖ ਕੇ ਗੁਰੂ ਸਾਹਿਬ ਨੇ ਕਿਹਾ, "ਇਹ ਸਭ ਕੁਝ ਅਕਾਲ ਪੁਰਖ ਦੇ ਹੁਕਮ ਵਿੱਚ ਹੈ। ਇਹ ਉਸਨੇ ਆਪ ਹੀ ਕੀਤਾ ਹੈ। ਉਹ ਹੀ ਸਾਨੂੰ ਸਾਰਿਆਂ ਨੂੰ ਸਭ ਕੁਝ ਦੇਣ ਵਾਲਾ ਹੈ ਅਤੇ ਉਹ ਹੀ ਸਭ ਦੀ ਸੰਭਾਲ ਕਰਦਾ ਹੈ।"

ਨਾ ਕੋ ਹਿੰਦੂ ਨਾ ਮੁਸਲਮਾਨ

ਗੁਰੂ ਨਾਨਕ ਸਾਹਿਬ ਸੁਲਤਾਨਪੁਰ ਵਿੱਚ ਇੱਕ ਅਕਾਲ ਪੁਰਖ ਦੀ ਅਰਾਧਨਾ ਤੇ ਨਾਮ-ਸਿਮਰਨ ਵਿੱਚ ਲੀਨ ਰਹਿੰਦੇ ਅਤੇ ਉਥੇ ਆਪ ਜੀ ਦੇ ਦੁਆਲੇ ਸ਼ਰਧਾਲੂਆਂ ਦਾ ਇਕੱਠ ਹੋ ਗਿਆ। ਇੱਕ ਮੁਸਲਿਮ ਮਰਾਸੀ, ਭਾਈ ਮਰਦਾਨਾ (1459-1534 ਈ.) ਆਪ ਜੀ ਨੂੰ ਆ ਮਿਲਿਆ। ਗੁਰੂ ਸਾਹਿਬ ਬਾਣੀ ਦਾ ਗਾਇਨ ਕਰਦੇ, ਸਾਰਿਆਂ ਨਾਲ ਰਲ-ਮਿਲ ਕੇ ਭੋਜਨ ਛੱਕਦੇ ਅਤੇ ਲੋਕਾਂ ਨੂੰ ਸਾਦਾ ਤੇ ਨੇਕ ਜੀਵਨ ਜਿਊਣ ਲਈ ਪ੍ਰੇਰਿਤ ਕਰਦੇ। ਜਦੋਂ ਗੁਰੂ ਸਾਹਿਬ ਕੀਰਤਨ ਦੇ ਰੂਪ ਵਿੱਚ ਅਕਾਲ ਪੁਰਖ ਦੇ ਗੁਣ-ਗਾਇਨ ਕਰਦੇ ਤਾਂ ਭਾਈ ਮਰਦਾਨਾ ਜੀ ਰਬਾਬ ਵਜਾ ਕੇ ਗੁਰੂ ਸਾਹਿਬ ਦੀ ਸੰਗਤ ਕਰਦੇ । ਗੁਰੂ ਸਾਹਿਬ ਦਾ ਪਰਿਵਾਰ - ਗੁਰੂ ਕੇ ਮਹਲ ਅਤੇ ਦੋ ਸਾਹਿਬਜ਼ਾਦੇ (ਬਾਬਾ ਸਿਰੀ ਚੰਦ ਤੇ ਲਖਮੀ ਦਾਸ ਜੀ) ਵੀ ਗੁਰੂ ਸਾਹਿਬ ਕੋਲ ਸੁਲਤਾਨਪੁਰ ਆ ਗਏ।

ਇੱਕ ਸਵੇਰ ਜਦੋਂ ਗੁਰੂ ਸਾਹਿਬ ਸੁਲਤਾਨਪੁਰ ਨਾਲ ਲਗਦੀ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਗਏ ਤਾਂ ਤਿੰਨ ਦਿਨਾਂ ਤਕ ਵਾਪਸ ਹੀ ਨਹੀਂ ਆਏ ਅਤੇ ਕਈਆਂ ਨੂੰ ਲਗਿਆ ਕਿ ਆਪ ਉਸ ਵਿੱਚ ਸ਼ਾਇਦ ਡੁੱਬ ਗਏ ਹੋ। ਗੁਰੂ ਸਾਹਿਬ ਨਿਰੰਤਰ ਸਾਧਨਾ ਵਿੱਚ ਲੀਨ ਹੋਣ ਕਰਕੇ ਅਕਾਲ ਪੁਰਖ ਨਾਲ ਇਕ-ਮਿਕ ਹੋ ਗਏ ਸਨ। ਉਥੇ ਹੀ ਆਪ ਜੀ ਨੂੰ ਇਹ ਹੌਕਾ ਮਿਲਿਆ ਕਿ ਆਪ ਜੀ ਨੇ ਦੁਨੀਆ ਦੀ ਲੋਕਾਈ ਨੂੰ ਤਾਰਣ ਲਈ ਨਿਕਲਣਾ ਹੈ ਅਤੇ ਇਹ ਹੀ ਆਪ ਜੀ ਦਾ ਮਿਸ਼ਨ ਹੈ। 'ਪੁਰਾਤਨ ਜਨਮਸਾਖੀ' ਦੱਸਦੀ ਹੈ ਕਿ ਇਥੇ ਆਪ ਜੀ ਨੂੰ ਅਕਾਲ ਪੁਰਖ ਦੇ ਦਰਸ਼ਨ ਹੋਏ ਅਤੇ ਭਾਈ ਗੁਰਦਾਸ ਜੀ ਵੀ ਵਾਰ 1, ਪਉੜੀ 24 ਵਿੱਚ ਫੁਰਮਾਉਂਦੇ ਹਨ :

ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।।

SIKHBOOKCLUB.COM

ਮੁੜ ਪ੍ਰਗਟ ਹੋਣ ਉੱਤੇ ਗੁਰੂ ਨਾਨਕ ਸਾਹਿਬ ਨੇ ਫੁਰਮਾਇਆ, "ਨਾ ਕੋ ਹਿੰਦੂ ਨਾ ਮੁਸਲਮਾਨ"। ਆਪ ਜੀ ਨੇ ਦੁਨੀਆ ਨੂੰ ਉਸ ਪਰਮ ਜੋਤ ਨਾਲ ਇਕਮਿਕ ਹੋ ਕੇ ਜੀਵਨ ਜਿਊਣ ਦੀ ਰਾਹ ਦਰਸਾਈ ਅਤੇ ਦੱਸਿਆ ਕਿ ਉਹ ਪਰਮਾਤਮਾ ਮਨੁੱਖਾਂ ਵੱਲੋਂ ਪਾਈ ਗਈ ਧਾਰਮਿਕ ਵੰਡ ਤੋਂ ਪਰੇ ਹੈ।

ਕਾਜ਼ੀ ਦੀ ਨਮਾਜ਼

ਗੁਰੂ ਨਾਨਕ ਸਾਹਿਬ ਨੇ ਕਿਹਾ, "ਸਾਰੇ ਜੀਵ ਬਰਾਬਰ ਹਨ ਅਤੇ ਕੋਈ ਵੀ ਆਪਣੇ ਪਰਿਵਾਰ, ਜਾਤ, ਰੰਗ ਜਾਂ ਨਸਲ ਕਰਕੇ ਉੱਚਾ-ਨੀਵਾਂ ਨਹੀਂ ਹੈ ਬਲਕਿ ਆਪਣੇ ਕਰਮਾਂ ਕਰਕੇ ਹੈ।"

ਐਸੇ ਬੋਲ ਸੁਣ ਕੇ ਕਾਜ਼ੀ ਨੇ ਨਵਾਬ ਨੂੰ ਸ਼ਿਕਾਇਤ ਕੀਤੀ, "ਨਾਨਕ ਲੋਕਾਂ ਨੂੰ ਭਰਮ ਵਿੱਚ ਪਾ ਰਿਹਾ ਹੈ ਕਿ ਅਸੀਂ ਨਾ ਤਾਂ ਮੁਸਲਮਾਨ ਹਾਂ ਤੇ ਨਾ ਹੀ ਹਿੰਦੂ। ਉਨ੍ਹਾਂ ਦੇ ਵਿਚਾਰ ਗਲਤ ਹਨ ਕਿਉਂਕਿ ਜੋ ਨਮਾਜ਼ ਪੜ੍ਹਦਾ ਹੈ ਤੇ ਅੱਲਾਹ ਉੱਤੇ ਵਿਸ਼ਵਾਸ ਕਰਦਾ ਹੈ, ਉਹ ਮੁਸਲਮਾਨ ਹੈ।" ਨਵਾਬ ਨੇ ਆਪਣਾ ਇੱਕ ਨੁਮਾਇੰਦਾ ਗੁਰੂ ਸਾਹਿਬ ਕੋਲ ਭੇਜਿਆ ਕਿ ਉਹ ਸ਼ਾਮ ਦੀ ਨਮਾਜ਼ ਉਨ੍ਹਾਂ ਦੇ ਨਾਲ ਅਦਾ ਕਰਨ। ਗੁਰੂ ਸਾਹਿਬ ਨੇ ਸੱਦਾ ਪ੍ਰਵਾਨ ਕੀਤਾ ਅਤੇ ਉਹ ਸ਼ਾਮ ਨੂੰ ਮਸਜਿਦ ਵਿਖੇ ਨਮਾਜ਼ ਅਦਾ ਕਰਨ ਲਈ ਇਕੱਠੇ ਹੋ ਗਏ। ਉਥੇ ਗੁਰੂ ਸਾਹਿਬ ਇੱਕ ਪਾਸੇ ਖੜੇ ਹੋ ਕੇ ਨਵਾਬ ਤੇ ਕਾਜ਼ੀ ਨੂੰ ਨਮਾਜ਼ ਅਦਾ ਕਰਦਿਆਂ ਵੇਖਦੇ ਰਹੇ। ਨਮਾਜ਼ ਖਤਮ ਹੋਣ ਉੱਤੇ ਕਾਜ਼ੀ ਨੇ

ਪੁੱਛਿਆ, "ਤੁਸੀਂ ਸਾਡੇ ਨਾਲ ਨਮਾਜ਼ ਕਿਉਂ ਨਹੀਂ ਪੜ੍ਹੀ ?" ਗੁਰੂ ਸਾਹਿਬ ਨੇ ਜੁਆਬ ਦਿੱਤਾ, "ਨਮਾਜ਼ ਪੜ੍ਹਣ ਸਮੇਂ ਹਰ ਵੇਲੇ ਤੁਹਾਡਾ ਧਿਆਨ ਆਪਣੇ ਘਰ ਦੇ ਵਿਹੜੇ ਵਿੱਚ ਨਵ-ਜੰਮੇ ਵੱਛੜੇ ਵੱਲ ਸੀ ਕਿ ਕਿਧਰੇ ਉਹ ਖੂਹ ਵਿੱਚ ਨਾ ਡਿੱਗ ਜਾਵੇ, ਤਾਂ ਫਿਰ ਮੈਂ ਕਿਸ ਦੇ ਨਾਲ ਨਮਾਜ਼ ਪੜ੍ਹਦਾ ?" ਇਹ ਸੁਣ ਕੇ ਕਾਜ਼ੀ ਸ਼ਰਮਿੰਦਾ ਹੋਇਆ ਤੇ ਕਹਿਣ ਲੱਗਾ, "ਪਰ ਫਿਰ ਤੁਸੀਂ ਨਵਾਬ ਸਾਹਿਬ ਦੇ ਨਾਲ ਨਮਾਜ਼ ਅਦਾ ਕਰ ਲੈਂਦੇ ?" ਗੁਰੂ ਸਾਹਿਬ ਨੇ ਜੁਆਬ ਦਿੱਤਾ, "ਨਵਾਬ ਸਾਹਿਬ ਤਾਂ ਕਾਬੁਲ ਵਿੱਚ ਘੋੜੇ ਖਰੀਦਣ ਵਿੱਚ ਰੁੱਝੇ ਹੋਏ ਸਨ।" ਨਵਾਬ ਨੇ ਵੀ ਮੰਨਿਆ ਕਿ ਨਮਾਜ਼ ਅਦਾ ਕਰਦੇ ਸਮੇਂ ਉਨ੍ਹਾਂ ਦਾ ਮਨ ਕਾਬੁਲ ਦੇ ਘੋੜਾ-ਬਾਜ਼ਾਰ ਵਿੱਚ ਵਿਚਰ ਰਿਹਾ ਸੀ। ਇਹ ਸੁਣ ਕੇ ਉਥੇ ਮੌਜੂਦ ਲੋਕ ਹੈਰਾਨ ਹੋ ਗਏ ਤੇ ਕਹਿਣ ਲੱਗੇ, "ਇਹ ਤਾਂ ਕੋਈ ਦੈਵੀ ਜੀਵ ਹੈ ਜੋ ਲੋਕਾਂ ਦੇ ਦਿਲਾਂ ਦੀ ਬਾਤ ਜਾਣ ਸਕਦਾ ਹੈ।"

ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ

ਗੁਰੂ ਸਾਹਿਬ 'ਸ਼ਬਦ' ਦੇ ਹੋਏ ਇਲਹਾਮ ਨੂੰ ਜਗਤ ਵਿੱਚ ਵੰਡਣ ਲਈ ਤਿਆਰ ਸਨ। ਆਪ ਜੀ ਨੂੰ ਸੱਚਾ ਸੰਦੇਸ਼ ਪ੍ਰਗਟ ਹੋ ਚੁੱਕਾ ਸੀ। ਇਸ ਸਮੇਂ ਗੁਰੂ ਸਾਹਿਬ ਦੀ ਦੁਨਿਆਵੀ ਉਮਰ ਤੀਹ ਵਰ੍ਹਿਆਂ ਦੀ ਸੀ। ਆਪਣੇ ਪਰਿਵਾਰ ਨੂੰ ਪਿੱਛੇ ਛੱਡ ਕੇ ਤੇ ਕੇਵਲ ਭਾਈ ਮਰਦਾਨਾ ਜੀ ਨੂੰ ਆਪਣੇ ਸਾਥੀ ਵਜੋਂ ਨਾਲ ਲੈ ਕੇ ਆਪ ਜੀ ਨੇ ਸੁਲਤਾਨਪੁਰ ਛੱਡ ਦਿੱਤਾ, ਅਤੇ ਤਕਰੀਬਨ ਵੀਹ ਸਾਲ ਪ੍ਰਚਾਰਕ ਦੌਰੇ ਕੀਤੇ। ਆਪ ਜੀ ਦੀਆਂ ਯਾਤਰਾਵਾਂ ਨੂੰ ਚਾਰ ਲੰਮੇਰੀ ਉਦਾਸੀਆਂ ਵਜੋਂ ਗਿਣਿਆ ਜਾਂਦਾ ਹੈ ਜੋ ਕਿ ਆਪ ਜੀ ਨੇ ਪੂਰਬ, ਦੱਖਣ, ਉੱਤਰ ਤੇ ਪੱਛਮ ਦਿਸ਼ਾਵਾਂ ਵੱਲ ਕੀਤੀਆਂ ਅਤੇ ਹਰੇਕ ਯਾਤਰਾ ਦੇ ਬਾਅਦ ਆਪ ਵਾਪਸ ਪੰਜਾਬ ਮੁੜੇ। ਗੁਰੂ ਸਾਹਿਬ ਆਪਣੀਆਂ ਯਾਤਰਾਵਾਂ ਦੌਰਾਨ ਕਈ ਦੇਸ਼ਾਂ ਅਤੇ ਵੱਖ-ਵੱਖ ਧਾਰਮਿਕ ਰਵਾਇਤਾਂ ਦੇ ਕੇਂਦਰਾਂ ਉੱਤੇ ਗਏ। ਆਪ ਜੀ ਦੇ ਪੰਡਤਾਂ, ਸਾਧੂਆਂ, ਜੋਗੀਆਂ ਦੇ ਫਿਰਕਿਆਂ ਅਤੇ ਨਾਲ ਹੀ ਮੌਲਾਣਿਆਂ, ਪੀਰਾਂ ਤੇ ਕਾਜ਼ੀਆਂ ਦੇ ਨਾਲ ਸੰਵਾਦ ਕਿਸੇ ਗੈਰ-ਸੰਜੀਦਾ ਖੋਜੀ ਵਾਲੇ ਨਹੀਂ ਬਲਕਿ ਇੱਕ ਗੁਰੂ ਵਾਂਗ ਸੀ।

SIKHBOOKCLUB.COM

ਮਲਕ ਭਾਗੋ ਦਾ ਬ੍ਰਹਮ-ਭੋਜ

ਆਪਣੀਆਂ ਯਾਤਰਾਵਾਂ ਦੌਰਾਨ ਗੁਰੂ ਨਾਨਕ ਸਾਹਿਬ ਸੈਦਪੁਰ (ਹੁਣ ਪਾਕਿਸਤਾਨ ਦੇ ਗੁਜਰਾਂਵਾਲਾ ਇਲਾਕੇ ਦਾ ਏਮਨਾਬਾਦ) ਪਹੁੰਚੇ। ਇਥੇ ਗੁਰੂ ਸਾਹਿਬ ਨੇ ਇੱਕ ਤਰਖਾਣ, ਭਾਈ ਲਾਲੋ ਦੇ ਘਰ ਤਿੰਨ ਦਿਨਾਂ ਲਈ ਟਿਕਾਣਾ ਕੀਤਾ। ਭਾਈ ਲਾਲੋ ਨੇ ਗੁਰੂ ਸਾਹਿਬ ਦੀ ਬਹੁਤ ਪ੍ਰੇਮ ਨਾਲ ਸੇਵਾ ਕੀਤੀ। ਉਸ ਸਮੇਂ ਇਥੋਂ ਦੇ ਇੱਕ ਹਿੰਦੂ ਜਗੀਰਦਾਰ ਨੇ ਆਪਣੇ ਘਰ ਵਿੱਚ ਇੱਕ ਬ੍ਰਹਮ-ਭੋਜ ਦਾ ਪ੍ਰਬੰਧ ਕੀਤਾ ਹੋਇਆ ਸੀ ਜਿਸ ਵਿੱਚ ਨੇੜੇ-ਤੇੜੇ ਦੇ ਬ੍ਰਾਹਮਣਾਂ, ਸਾਧੂਆਂ ਤੇ ਸੰਤਾਂ ਨੂੰ ਸੱਦਾ ਦਿੱਤਾ ਗਿਆ ਸੀ। ਬ੍ਰਹਮ-ਭੋਜ ਦੌਰਾਨ ਮਲਕ ਭਾਗੋ ਕੋਲ ਖਬਰ ਪਹੁੰਚੀ ਕਿ ਇੱਕ ਮਹਾਪੁਰਖ ਗੁਰੂ ਨਾਨਕ ਨੇ ਉਨ੍ਹਾਂ ਦੇ ਸੱਦੇ ਨੂੰ ਪ੍ਰਵਾਨ ਨਹੀਂ ਕੀਤਾ ਅਤੇ ਉਸਦੇ ਬਜਾਏ ਉਹ ਇੱਕ ਨੀਵੀਂ ਜਾਤ ਦੇ ਤਰਖਾਣ ਦੇ ਘਰ ਭੋਜਨ ਛੱਕ ਰਹੇ ਹਨ। ਉਸਨੇ ਗੁਰੂ ਸਾਹਿਬ ਨੂੰ ਫੌਰੀ ਤੌਰ ਉੱਤੇ ਬੁਲਾ ਭੇਜਿਆ।

ਗੁਰੂ ਸਾਹਿਬ ਦੇ ਪਹੁੰਚਣ ਉੱਤੇ ਮਲਕ ਭਾਗੋ ਨੇ ਨਰਾਜ਼ਗੀ ਭਰੇ ਅੰਦਾਜ਼ ਨਾਲ ਕਿਹਾ, "ਇਹ ਕਿਉਂ ਕਿ ਤੁਸੀਂ ਬ੍ਰਹਮ-ਭੋਜ ਦੇ ਸੱਦੇ ਨੂੰ ਮਨਾ ਕਰ ਦਿੱਤਾ ਜਾਂ ਫਿਰ ਇਸ ਨੀਵੀਂ ਜਾਤ ਦੇ ਵਿਅਕਤੀ ਦੇ ਘਰ ਦਾ ਭੋਜਨ ਮੇਰੇ ਭੋਜਨ ਨਾਲੋਂ ਜ਼ਿਆਦਾ ਵਧੀਆ ਹੈ ?"



ਗੁਰੂ ਸਾਹਿਬ ਨੇ ਕਿਹਾ, "ਮੈਂ ਉਹੀ ਖਾਂਦਾ ਹਾਂ ਜੋ ਪ੍ਰਭੂ ਭੇਜਦਾ ਹੈ, ਉਸ ਦੀ ਨਜ਼ਰ ਵਿੱਚ ਕੋਈ ਜਾਤ ਹੈ ਹੀ ਨਹੀਂ।" "ਫਿਰ ਤੁਸੀਂ ਉਹ ਖਾਓ ਜੋ ਇਸ ਘਰ ਵਿੱਚ ਬਣ ਰਿਹਾ ਹੈ।" ਨਾਲ ਹੀ ਮਲਕ ਭਾਗੋ ਦੀ ਰਸੋਈ ਵਿੱਚੋਂ

ਭੋਜਨ ਦੇ ਵਧੀਆ ਪਦਾਰਥ ਗੁਰੂ ਸਾਹਿਬ ਦੇ ਅੱਗੇ ਪੇਸ਼ ਕੀਤੇ ਗਏ।

ਗੁਰੂ ਸਾਹਿਬ ਨੇ ਭਾਈ ਲਾਲੋ ਜੋ ਕਿ ਗੁਰੂ ਸਾਹਿਬ ਦੇ ਪਿੱਛੇ ਮਲਕ ਭਾਗੋ ਦੇ ਘਰ ਆ ਗਿਆ ਸੀ, ਨੂੰ ਕਿਹਾ ਕਿ ਉਹ ਆਪਣੇ ਘਰ ਤੋਂ ਵੀ ਬਣੀ ਹੋਈ ਰੋਟੀ ਲੈ ਆਵੇ। ਫਿਰ ਗੁਰੂ ਸਾਹਿਬ ਨੇ ਭਾਈ ਲਾਲੋ ਦੇ ਘਰ ਤੋਂ ਆਈ ਰੋਟੀ ਨੂੰ ਆਪਣੇ ਸੱਜੇ ਹੱਥ ਵਿੱਚ ਅਤੇ ਮਲਕ ਭਾਗੋ ਦੇ ਰਸਿਕ ਭੋਜਨ ਨੂੰ ਖੱਬੇ ਹੱਥ ਵਿੱਚ ਫੜਿਆ। ਜਿਵੇਂ ਹੀ ਆਪ ਜੀ ਨੇ ਦੋਵਾਂ ਨੂੰ ਦਬਾਇਆ, ਭਾਈ ਲਾਲੋ ਦੀ ਸੁੱਕੀ ਰੋਟੀ ਵਿੱਚੋਂ ਦੁੱਧ ਅਤੇ ਮਲਕ ਭਾਗੋ ਦੇ ਪਦਾਰਥ ਵਿੱਚੋਂ ਖ਼ੂਨ ਵੱਗਣ ਲੱਗਾ। ਉਥੇ ਮੌਜੂਦ ਸਾਰੇ ਲੋਕ ਇਹ ਨਜ਼ਾਰਾ ਵੇਖ ਕੇ ਹੈਰਾਨ ਹੋ ਗਏ।

ਗੁਰੂ ਨਾਨਕ ਸਾਹਿਬ ਨੇ ਮਲਕ ਭਾਗੋ ਨੂੰ ਕਿਹਾ, "ਇਹ ਸੁੱਕੀ ਰੋਟੀ ਮਿਹਨਤ ਦੀ ਕਮਾਈ ਦਾ ਫਲ ਹੈ। ਭਾਵੇਂ ਉਸਦਾ ਮਾਲਕ ਗ਼ਰੀਬ ਹੈ ਪਰ ਫਿਰ ਵੀ ਉਹ ਦੁੱਧ ਨਾਲ ਭਰੀ ਹੈ ਜੋ ਕਿ ਜੀਵਨ ਪ੍ਰਦਾਨ ਕਰਨ ਵਾਲਾ ਹੈ। ਭਾਵੇਂ ਤੁਹਾਡੇ ਘਰ ਦੇ ਬਣੇ ਪਦਾਰਥ ਸੁਆਦਲੇ ਹਨ, ਪਰ ਉਹ ਗ਼ਰੀਬਾਂ ਦੇ ਖ਼ੂਨ ਵਿੱਚੋਂ ਆਏ ਹਨ। ਤੁਸੀਂ ਆਪਣੀ ਦੌਲਤ ਕਰੂਰਤਾ ਤੇ ਜ਼ੁਲਮ ਨਾਲ ਪਰਾਇਆ ਹੱਕ ਮਾਰ ਕੇ ਕਮਾਈ ਹੈ, ਇਸੇ ਕਰਕੇ ਤੁਹਾਡੇ ਪਦਾਰਥਾਂ ਵਿੱਚੋਂ ਖ਼ੂਨ ਨਿਕਲ ਰਿਹਾ ਹੈ। ਨੇਕ ਕਮਾਈ ਵਾਲਾ ਜੀਵਨ ਬਤੀਤ ਕਰੋ। ਗਲਤ ਤਰੀਕੇ ਨਾਲ ਕਮਾਏ ਪੈਸੇ ਨਾਲ ਕੀਤਾ ਪੁੰਨ ਕਿਸੇ ਕੰਮ ਦਾ ਨਹੀਂ। ਮੈਨੂੰ ਨੇਕ ਬੰਦੇ ਪਸੰਦ ਹਨ ਜੋ ਈਮਾਨਦਾਰੀ ਨਾਲ ਕਾਰ-ਵਿਹਾਰ ਕਰਦੇ ਹਨ, ਭਾਵੇਂ ਅਮੀਰ ਹੋਣ ਜਾਂ ਗ਼ਰੀਬ।"

ਇਸ ਤੋਂ ਬਾਅਦ ਗੁਰੂ ਸਾਹਿਬ ਸੈਦਪੁਰ ਤੋਂ ਤੁਰ ਪਏ ਅਤੇ ਪਰਮਾਤਮਾ ਦਾ ਸੰਦੇਸ਼ ਦੇਣ ਲਈ ਦੂਰ-ਦੁਰਾਡੇ ਤਕ ਯਾਤਰਾ ਕੀਤੀ। ਭਾਈ ਲਾਲੋ ਨੂੰ ਸਿੱਖ ਕੌਮ ਦੇ ਮੋਢੀ ਪ੍ਰਚਾਰਕਾਂ ਵਜੋਂ ਗਿਣਿਆ ਜਾਂਦਾ ਹੈ।

ਹਰਿਦੁਆਰ ਫੇਰੀ

SIKHBOOKCLUB.COM

ਵੱਖ-ਵੱਖ ਥਾਵਾਂ ਤੋਂ ਹੁੰਦਿਆਂ ਗੁਰੂ ਨਾਨਕ ਸਾਹਿਬ ਹਰਿਦੁਆਰ ਪਹੁੰਚੇ ਜਿੱਥੇ ਗੰਗਾ ਨਦੀ ਵਿੱਚ ਇਸ਼ਨਾਨ ਕਰਨ ਲਈ ਹਜ਼ਾਰਾਂ ਹੀ ਸ਼ਰਧਾਲੂ ਇਕੱਠੇ ਹੋਏ ਸਨ। ਨਦੀ ਦੇ ਕੰਢੇ 'ਤੇ ਗੁਰੂ ਸਾਹਿਬ ਨੇ ਵੇਖਿਆ ਕਿ ਲੋਕ ਇਸ਼ਨਾਨ ਕਰ ਰਹੇ ਹਨ, ਤੇ ਨਾਲ ਹੀ ਪੂਰਬ ਵੱਲ ਉੱਗਦੇ ਸੂਰਜ ਨੂੰ ਪਾਣੀ ਭੇਟ ਕਰ ਰਹੇ ਹਨ।

ਗੁਰੂ ਸਾਹਿਬ ਵੀ ਪਾਣੀ ਵਿੱਚ ਖੜੇ ਹੋ ਗਏ ਅਤੇ ਸੂਰਜ ਵੱਲ ਆਪਣੀ ਪਿੱਠ ਕਰਕੇ ਆਪ ਜੀ ਨੇ ਪੱਛਮ ਦਿਸ਼ਾ ਵੱਲ ਪਾਣੀ ਭੇਟ ਕਰਨਾ ਸ਼ੁਰੂ ਕਰ ਦਿੱਤਾ। ਲੋਕਾਂ ਵੱਲੋਂ ਨਰਾਜ਼ਗੀ ਜਤਾਉਣ ਉੱਤੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪੂਰਬ ਵੱਲ ਪਾਣੀ ਦੇਣ ਦਾ ਕਾਰਨ ਪੁੱਛਿਆ। ਉਨ੍ਹਾਂ ਨੇ ਜੁਆਬ ਦਿੱਤਾ, "ਅਸੀਂ ਆਪਣੇ ਪਿਤਰਾਂ ਨੂੰ ਪਾਣੀ ਦੇ ਰਹੇ ਹਾਂ, ਜੋ ਕਿ ਹੁਣ ਉਪਰ ਸੂਰਜ ਦੇ ਦੇਸ਼ ਵਿੱਚ ਬਿਰਾਜਮਾਨ ਹਨ।"

ਇਹ ਜੁਆਬ ਸੁਣ ਕੇ ਗੁਰੂ ਸਾਹਿਬ ਨੇ ਪੱਛਮ ਦਿਸ਼ਾ ਵੱਲ ਪਾਣੀ ਦੇਣਾ ਜਾਰੀ ਰਖਿਆ ਅਤੇ ਕਿਹਾ, "ਮੈਂ ਪੰਜਾਬ ਵਿੱਚ ਆਪਣੇ ਖੇਤਾਂ ਨੂੰ ਪਾਣੀ ਦੇ ਰਿਹਾ ਹਾਂ।" ਇਹ ਸੁਣ ਕੇ ਲੋਕ ਹੱਸਣ ਲਗ ਪਏ ਅਤੇ ਕਹਿਣ ਲੱਗੇ, "ਇਹ ਕਿਵੇਂ ਹੋ ਸਕਦਾ ਹੈ, ਜੋ ਪਾਣੀ ਤੁਸੀਂ ਪਾਂਦੇ ਹੋ ਉਹ ਗੰਗਾ ਵਿੱਚ ਹੀ ਡਿੱਗ ਜਾਂਦਾ ਹੈ, ਇਹ ਤੁਹਾਡੇ ਖੇਤਾਂ ਨੂੰ ਕਿਵੇਂ ਪਹੁੰਚੇਗਾ ?"

ਗੁਰੂ ਸਾਹਿਬ ਉਨ੍ਹਾਂ ਲੋਕਾਂ ਵੱਲ ਮੁੜੇ ਅਤੇ ਪੁੱਛਿਆ, "ਉਹ ਥਾਂ ਕਿੰਨੀ ਦੂਰ ਹੈ ਜਿੱਥੇ ਤੁਹਾਡੇ ਪਿੱਤਰ ਬਿਰਾਜਮਾਨ ਹਨ।" ਉਨ੍ਹਾਂ ਵਿੱਚੋਂ ਇੱਕ ਸਿਆਣੇ ਨੇ ਕਿਹਾ, "ਕੁਝ ਕਰੋੜ ਮੀਲ"।

ਗੁਰੂ ਸਾਹਿਬ ਨੇ ਕਿਹਾ, "ਜੇ ਮੇਰਾ ਦਿੱਤਾ ਪਾਣੀ ਮੇਰੇ ਖੇਤਾਂ ਤਕ ਨਹੀਂ ਪਹੁੰਚ ਸਕਦਾ ਜੋ ਕਿ ਕੁਝ ਸੈਂਕੜੇ ਮੀਲ ਦੀ ਦੂਰੀ ਉੱਤੇ ਹੀ ਹਨ ਤਾਂ ਫਿਰ ਤੁਹਾਡੇ ਪਿੱਤਰਾਂ ਨੂੰ ਤੁਹਾਡਾ ਦਿੱਤਾ ਪਾਣੀ ਕਿਵੇਂ ਪਹੁੰਚੇਗਾ ਜੋ ਕਿ ਕਰੋੜਾਂ ਮੀਲ ਦੀ ਦੂਰ ਉੱਤੇ ਹਨ।"

ਇਹ ਸੁਣ ਕੇ ਉਥੇ ਮੌਜੂਦ ਲੋਕ ਸ਼ਾਂਤ ਹੋ ਗਏ। ਗੁਰੂ ਸਾਹਿਬ



ਫਿਰ ਨਦੀ ਤੋਂ ਬਾਹਰ ਆਏ ਅਤੇ ਇਕੱਠ ਨੂੰ ਸੰਬੋਧਨ ਕੀਤਾ, "ਹੇ ਭਾਈ ! ਝੂਠੇ ਵਿਸ਼ਵਾਸਾਂ ਵੱਲ ਪ੍ਰੇਰਿਤ ਨਾ ਹੋਵੋ। ਤੁਹਾਡੇ ਵੱਲੋਂ ਪਿਤਰਾਂ ਲਈ ਦੂਜੇ ਲੋਕ ਵਿੱਚ ਵਰਤੋਂ ਲਈ ਦਿੱਤਾ ਜਾਣ ਵਾਲਾ ਪਾਣੀ, ਖਾਣਾ ਜਾਂ ਪੈਸਾ ਕਿਸੇ ਵੀ ਤਰ੍ਹਾਂ ਉਨ੍ਹਾਂ ਨੂੰ ਨਹੀਂ ਪਹੁੰਚ ਸਕਦਾ। ਹਰੇਕ ਨੂੰ ਆਪਣੇ ਕਰਮਾਂ ਦਾ ਫਲ ਭੋਗਣਾ ਹੀ ਪੈਂਦਾ ਹੈ।"

ਅਸਲ ਸੁੱਚ

ਹਰਿਦੁਆਰ ਵਿੱਚ ਹੀ ਕੁਝ ਸਾਧੂ ਆਪਣੇ ਲਈ ਭੋਜਨ ਬਣਾ ਰਹੇ ਸਨ। ਗੁਰੂ ਸਾਹਿਬ ਉਸ ਥਾਂ 'ਤੇ ਪੁੱਜ ਗਏ ਜਿਥੇ ਭੋਜਨ ਬਣ ਰਿਹਾ ਸੀ। ਸਾਧੂਆਂ ਨੇ ਉਥੇ ਰਸੋਈ ਦੇ ਦੁਆਲੇ ਇੱਕ ਲਕੀਰ ਖਿੱਚੀ ਹੋਈ ਸੀ ਜਿਸ ਨਾਲ ਕਿ ਕੋਈ ਉਸ ਲਕੀਰ ਨੂੰ ਪਾਰ ਕਰਕੇ ਚਉਕਾ-ਚੁਲ੍ਹਾ ਜੂਠਾ ਨਾ ਕਰ ਦੇਵੇ।

ਗੁਰੂ ਸਾਹਿਬ ਨੇ ਰਸੋਈ ਵਿੱਚ ਉਹ ਲਕੀਰ ਵੇਖ ਕੇ ਕਿਹਾ, "ਇਹ ਚਉਂਕਾ ਤਾਂ ਪਹਿਲਾਂ ਹੀ ਝੂਠਾ ਹੈ, ਇਹ ਤੁਹਾਡੇ ਵੱਲੋਂ ਪਾਈ ਲਕੀਰ ਕਿਸੇ ਕੰਮ ਦੀ ਨਹੀਂ। ਜਦੋਂ ਤੁਸੀਂ ਇਥੇ ਦਾਖਲ ਹੋਏ ਤਾਂ ਉਹ ਨੀਵੀਂ ਜਾਤ ਵਾਲੇ ਵੀ ਤੁਹਾਡੇ ਨਾਲ ਹੀ ਸਨ।"

ਸਾਰਿਆਂ ਨੇ ਇੱਕ-ਦੂਜੇ ਵੱਲ ਵੇਖਿਆ ਪਰ ਕਿਸੇ ਨੂੰ ਕੁਝ ਸਮਝ ਨਹੀਂ ਆਇਆ ਕਿ ਗੁਰੂ ਸਾਹਿਬ ਕਿਸ ਲਈ ਇਹ ਆਖ ਰਹੇ ਹਨ। ਗੁਰੂ ਸਾਹਿਬ ਨੇ ਕਿਹਾ, "ਭੰਗੀ, ਕਸਾਈ, ਜੱਲਾਦ ਤੇ ਮਰਾਸੀ ਨੀਵੀਂ ਜਾਤ ਦੇ ਲੋਕ ਹਨ ਜਿਨ੍ਹਾਂ ਦੀ ਛੋਹ ਨਾਲ ਤੁਸੀਂ ਸਮਝਦੇ ਹੋ ਕਿ ਤੁਸੀਂ ਅਪਵਿੱਤਰ ਹੋ ਜਾਂਦੇ ਹੋ। ਪਰ ਤੁਹਾਡੀ ਭੈੜੀ ਸੋਚ, ਮਾੜਾ ਜੀਵਨ, ਕੌੜੀਆਂ ਗੱਲਾਂ ਅਤੇ ਕਰੂਰਤਾ ਇਨ੍ਹਾਂ ਅਖੌਤੀ ਨੀਵੀਆਂ ਜਾਤਾਂ ਤੋਂ ਵੀ ਭਰਿਸ਼ਟ ਹਨ ਅਤੇ ਉਹ ਤੁਹਾਡੇ ਚਿਰਾਂ ਦੇ ਸਾਥੀ ਹਨ ਜੋ ਕਿ ਹਮੇਸ਼ਾ ਤੁਹਾਡੇ ਅੰਦਰ ਹੀ ਰਹਿੰਦੇ ਹਨ। ਜਦੋਂ ਤਕ ਤੁਸੀਂ ਇਨ੍ਹਾਂ ਭੈੜੇ ਸਾਥੀਆਂ ਤੋਂ ਛੁਟਕਾਰਾ ਨਹੀਂ ਪਾਉਂਦੇ ਅਤੇ ਦਿਲ ਸਾਫ ਨਹੀਂ ਕਰਦੇ, ਤਾਂ ਤਕ ਇਹ ਚਉਂਕਾ ਅਪਵਿੱਤਰ ਰਹੇਗਾ। ਰੋਜ਼ਾਨਾ ਇਸ਼ਨਾਨ ਕਰਨ ਤੇ ਮੱਥੇ ਉੱਤੇ ਚੰਦਨ ਲਾਉਣ ਨਾਲ ਵਿਅਕਤੀ ਪਵਿੱਤਰ ਨਹੀਂ ਹੋ ਜਾਂਦਾ। ਉਹ ਹੀ ਸ਼ੁੱਧ ਹਨ ਜੋ ਆਪਣਾ ਮਨ ਨਿਰਮਲ ਕਰਦੇ ਹਨ, ਨੇਕ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਲਿਆਉਂਦੇ ਹਨ ਅਤੇ ਹਮੇਸ਼ਾ ਉਸ ਅਕਾਲ ਪੁਰਖ ਨੂੰ ਚੇਤੇ ਰਖਦੇ ਹਨ।"

ਗੁਰੂ ਨਾਨਕ ਸਾਹਿਬ ਨੇ ਆਪਣੇ ਨਿਰਮਲ ਉਪਦੇਸ਼ਾਂ ਦੁਆਰਾ ਲੋਕਾਂ ਵਿੱਚ ਪਏ ਭਰਮ-ਭੁਲੇਖਿਆਂ ਦਾ ਸਮਾਧਾਨ ਕੀਤਾ।

ਅਨੋਖੀ ਅਸੀਸ

ਆਪਣੀਆਂ ਉਦਾਸੀਆਂ ਦੇ ਦੌਰਾਨ ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਇੱਕ ਐਸੇ ਪਿੰਡ ਵਿੱਚ ਪੁੱਜੇ ਜਿਥੋਂ ਦੇ ਲੋਕ ਕੇਵਲ ਖਾਣ-ਪੀਣ ਤੇ ਮੌਜ-ਮਸਤੀ ਵਿੱਚ ਹੀ ਲਗੇ ਰਹਿੰਦੇ ਸਨ। ਉਨ੍ਹਾਂ ਨੇ ਗੁਰੂ ਸਾਹਿਬ ਦਾ ਮਜ਼ਾਕ ਉਡਾਇਆ ਅਤੇ ਖਾਣ-ਪੀਣ ਤੇ ਰਹਿਣ ਬਾਰੇ ਵੀ ਨਾ ਪੁੱਛਿਆ। ਉਹ ਐਸੇ ਲੋਕ ਸਨ ਜੋ ਕਿ ਕੋਈ ਨੇਕ ਸਲਾਹ ਨੂੰ ਵੀ ਨਹੀਂ ਸੁਣਦੇ ਸਨ। ਉਸ ਪਿੰਡ ਤੋਂ ਬਾਹਰ ਨਿਕਲਦੇ ਹੋਏ ਗੁਰੂ ਸਾਹਿਬ ਨੇ ਇਨ੍ਹਾਂ ਲੋਕਾਂ ਲਈ ਕਿਹਾ, "ਵੱਸਦੇ ਰਹੋ।"

ਥੋੜੀ ਦੇਰ ਬਾਅਦ ਗੁਰੂ ਸਾਹਿਬ ਇੱਕ ਹੋਰ ਪਿੰਡ ਵਿੱਚ ਪਹੁੰਚੇ ਜਿਥੋਂ ਦੇ ਲੋਕ ਬਹੁਤ ਚੰਗੇ ਤੇ ਮੈਹਮਾਨ-ਨਿਵਾਜ਼ ਸਨ। ਉਨ੍ਹਾਂ ਨੇ ਗੁਰੂ ਸਾਹਿਬ ਦਾ ਸੁਆਗਤ ਕੀਤਾ ਅਤੇ ਪਿਆਰ ਨਾਲ ਸੇਵਾ ਕੀਤੀ। ਉਹ ਲੋਕ ਬੜੇ ਨੇਕ ਦਿਲ, ਪਰਉਪਕਾਰ ਸੁਭਾਅ ਵਾਲੇ ਤੇ ਮਿਠ ਬੋਲੜੇ ਸਨ। ਗੁਰੂ ਸਾਹਿਬ ਨੇ ਉਥੇ ਇੱਕ ਰਾਤ ਲਈ ਟਿਕਾਣਾ ਕੀਤਾ। ਉਥੋਂ ਚਲਣ ਵੇਲੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਹ ਕਹਿ ਕੇ ਅਸੀਸ ਦਿੱਤੀ, "ਉਜੜ ਜਾਓ।"



ਇਹ ਸੁਣ ਕੇ ਭਾਈ ਮਰਦਾਨਾ ਜੀ ਨੇ ਬਹੁਤ ਹੈਰਾਨੀ ਨਾਲ ਗੁਰੂ ਸਾਹਿਬ ਨੂੰ ਪੁੱਛਿਆ, "ਆਪ ਜੀ ਨੇ ਅਜਬ ਨਿਆਂ ਕੀਤਾ ਹੈ। ਜਿਨ੍ਹਾਂ ਲੋਕਾਂ ਨੇ ਆਪ ਜੀ ਨਾਲ ਬਦਸਲੂਕੀ ਕੀਤੀ, ਉਨ੍ਹਾਂ ਨੂੰ ਆਪ ਜੀ ਨੇ ਵੱਸੇ ਰਹਿਣ ਦੀ ਅਸੀਸ ਦਿੱਤੀ ਜਦਕਿ ਜਿਹੜੇ ਲੋਕਾਂ ਨੇ ਆਪ ਜੀ ਦੀ ਐਨੇ ਪਿਆਰ-ਸਤਿਕਾਰ ਨਾਲ ਸੇਵਾ ਕੀਤੀ, ਉਨ੍ਹਾਂ ਨੂੰ ਆਪ ਜੀ ਨੇ

SIKHBOOKCLUB.COM

ਕੌਡਾ ਭੀਲ

ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਜੀ ਆਪਣੀ ਇੱਕ ਯਾਤਰਾ ਦੌਰਾਨ ਉਸ ਥਾਂ ਪਹੁੰਚੇ ਜਿਥੇ ਭੀਲ ਲੋਕ ਰਹਿੰਦੇ ਸਨ। ਭੀਲ ਡੂੰਘੇ ਰੰਗ ਦੇ ਸਨ, ਉਨ੍ਹਾਂ ਦੀਆਂ ਅੱਖਾਂ ਲਾਲ ਖ਼ੂਨ ਵਾਂਗ ਲਿਸ਼ਕਦੀਆਂ ਸਨ ਅਤੇ ਉਹ ਆਪਣੇ ਸਰੀਰ ਉੱਤੇ ਜਾਨਵਰ ਦੀ ਚਮੜੀ ਲਪੇਟਦੇ ਸਨ। ਉਹ ਜੰਗਲੀ ਜਾਨਵਰਾਂ ਦੇ ਸ਼ਿਕਾਰ ਅਤੇ ਜੰਗਲੀ ਫਲਾਂ ਉੱਤੇ ਗੁਜ਼ਾਰਾ ਕਰਦੇ ਸਨ। ਭਾਈ ਮਰਦਾਨਾ, ਜੋ ਕਿ ਇਕੱਲਿਆਂ ਹੀ ਜੰਗਲ ਵਿੱਚ ਨਿਕਲ ਗਏ ਸਨ, ਨੂੰ ਇੱਕ ਆਦਮਖੋਰ ਭੀਲ, ਕੌਡੇ ਨੇ ਫੜ ਲਿਆ। ਕੌਡਾ ਇਸ ਤਰ੍ਹਾਂ ਹੀ ਕਰਦਾ ਸੀ, ਉਹ ਇਕੱਲੇ ਯਾਤਰੂਆਂ ਨੂੰ ਫੜ ਲੈਂਦਾ ਸੀ, ਉਨ੍ਹਾਂ ਨੂੰ ਕੁਝ ਦਿਨ ਬੰਦੀ ਬਣਾ ਕੇ ਰਖਦਾ ਸੀ ਤੇ ਫਿਰ ਉਨ੍ਹਾਂ ਨੂੰ ਆਪਣਾ ਅਹਾਰ ਬਣਾਉਣ ਲਈ ਮਾਰ ਦਿੰਦਾ ਸੀ। ਜਦੋਂ ਭਾਈ ਮਰਦਾਨਾ ਜੀ ਬਹੁਤ ਚਿਰ ਤਕ ਵਾਪਸ ਨਹੀਂ ਮੁੜੇ ਤਾਂ ਗੁਰੂ ਸਾਹਿਬ ਉਨ੍ਹਾਂ ਦੀ ਭਾਲ ਵਿੱਚ ਉਥੇ ਪਹੁੰਚ ਗਏ। ਗੁਰੂ ਸਾਹਿਬ ਦੇ ਦੈਵੀ ਮੁਖ ਦੇ ਦਰਸ਼ਨ ਕਰਦਿਆਂ ਹੀ ਕੌਡਾ ਅਪਰਾਧ ਦੀ ਭਾਵਨਾ ਨਾਲ ਕੰਬ ਗਿਆ ਕਿਉਂਕਿ ਉਸਨੇ ਇਸ ਤੋਂ ਪਹਿਲਾਂ ਕਿਸੇ ਦੇ ਮੁਖ ਉੱਤੇ ਐਨਾ ਨੂਰ ਤੇ ਨੇਕ ਭਾਵ ਨਹੀਂ ਵੇਖਿਆ ਸੀ। ਉਸਦਾ ਕਠੋਰ ਮਨ ਪਿਘਲ ਗਿਆ। ਗੁਰੂ ਸਾਹਿਬ ਨੇ ਕਿਹਾ, "ਭਾਈ ! ਮੇਰਾ ਸਾਥੀ ਕਿੱਥੇ ਹੈ ? ਮੈਂ ਉਸਨੂੰ ਵਾਪਸ ਲੈਣ ਆਇਆ ਹਾਂ।" ਕੌਡੇ ਨੇ ਇਕਦਮ ਮਰਦਾਨਾ ਜੀ ਨੂੰ ਖੋਲ੍ਹ ਦਿੱਤਾ ਅਤੇ ਉਨ੍ਹਾਂ ਨੂੰ ਗੁਰੂ ਸਾਹਿਬ ਦੇ ਸਨਮੁਖ ਲੈ ਆਇਆ। ਗੁਰੂ ਸਾਹਿਬ ਨੇ ਕੌਡੇ ਨੂੰ ਗਲਤ ਰਾਹ ਛੱਡਣ ਦਾ ਉਪਦੇਸ਼ ਦਿੱਤਾ ਅਤੇ ਨੇਕ ਕਮਾਈ ਨਾਲ ਜੀਵਨ ਬਤੀਤ ਕਰਨ ਲਈ ਕਿਹਾ। ਕੌਡੇ ਨੇ ਗੁਰੂ ਸਾਹਿਬ ਨੂੰ ਵਾਇਦਾ ਕੀਤਾ ਕਿ ਉਹ ਅੱਗੇ ਤੋਂ ਕਿਸੇ ਨੂੰ ਨਹੀਂ ਮਾਰੇਗਾ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰੇਗਾ।

ਵੱਖ-ਵੱਖ ਥਾਵਾਂ ਤੋਂ ਹੁੰਦੇ ਹੋਏ ਗੁਰੂ ਸਾਹਿਬ ਵਾਪਸ ਤਲਵੰਡੀ ਪੁੱਜੇ ਜਿਥੇ ਆਪ ਕੁਝ ਸਮੇਂ ਲਈ ਆਪਣੇ ਪਰਿਵਾਰ ਨਾਲ ਰਹੇ। ਤਲਵੰਡੀ ਵਿੱਚ ਨਿਵਾਸ ਕਰਨ ਤੋਂ ਬਾਅਦ ਗੁਰੂ ਸਾਹਿਬ ਮੁੜ ਅਗਿਆਨਤਾ ਦੇ ਹਨ੍ਹੇਰੇ ਵਿੱਚ ਫਸੀ ਲੋਕਾਈ ਨੂੰ ਸੱਚ ਦਾ ਰਾਹ ਦਰਸਾਉਣ ਲਈ ਤੁਰ ਪਏ।

ਸੁਮੇਰ ਪਰਬੱਤ ਉੱਤੇ ਸਿਧਾਂ ਨਾਲ ਮੁਲਾਕਾਤ

ਕਸ਼ਮੀਰ ਤੋਂ ਹੁੰਦਿਆਂ, ਵੱਡੇ-ਵੱਡੇ ਪਰਬੱਤਾਂ ਤੇ ਦਰਿਆਵਾਂ ਨੂੰ ਪਾਰ ਕਰਦਿਆਂ ਗੁਰੂ ਨਾਨਕ ਸਾਹਿਬ ਸੁਮੇਰ ਪਰਬੱਤ ਉੱਤੇ ਜਾ ਪਹੁੰਚੇ ਜਿਥੇ ਕਿ ਕਈ ਸਿਧਾਂ, ਸਾਧੂਆਂ ਤੇ ਜੋਗੀਆਂ ਨੇ ਆਪਣਾ ਟਿਕਾਣਾ ਬਣਾਇਆ ਹੋਇਆ ਸੀ। ਉਹ ਉੱਚੇ ਪਰਬੱਤ ਆਮ ਵਿਅਕਤੀ ਦੀ ਪਹੁੰਚ ਤੋਂ ਪਰੇ ਸਨ, ਇਸ ਲਈ ਗੁਰੂ ਸਾਹਿਬ ਨੂੰ ਉਥੇ ਵੇਖ ਕੇ ਜੋਗੀ ਹੈਰਾਨ ਹੋਏ ਤੇ ਪੁੱਛਣ ਲੱਗੇ, "ਇਸ ਦੁਰਲੱਭ ਥਾਂ ਉੱਤੇ ਪਹੁੰਚਣ ਲਈ ਕਿਸ ਸ਼ਕਤੀ ਨੇ ਤੁਹਾਡੀ ਮਦਦ ਕੀਤੀ ਹੈ ?"

ਗੁਰੂ ਸਾਹਿਬ ਨੇ ਜੁਆਬ ਦਿੱਤਾ, "ਮੈਂ ਕੇਵਲ ਇੱਕ ਅਕਾਲ ਪੁਰਖ ਨੂੰ ਚੇਤੇ ਕੀਤਾ ਹੈ ਅਤੇ ਹਮੇਸ਼ਾ ਉਸੇ ਦੀ ਪਿਆਰ ਤੇ ਸਤਿਕਾਰ ਨਾਲ ਅਰਾਧਨਾ ਕੀਤੀ ਹੈ। ਉਸੇ ਦੀ ਸ਼ਕਤੀ ਮੈਨੂੰ ਇਥੇ ਲੈ ਕੇ ਆਈ ਹੈ।" ਆਪ ਜੀ ਨੇ ਅੱਗੇ ਕਿਹਾ, "ਜਦੋਂ ਤੁਹਾਡੇ ਵਰਗੇ ਧਾਰਮਿਕ ਪੁਰਖ ਸੰਸਾਰ ਨੂੰ ਛੱਡ ਕੇ ਇਥੇ ਛਿਪ ਕੇ ਬਹਿ ਜਾਣਗੇ ਤਾਂ ਕੌਣ ਜਗਤ ਨੂੰ ਸਹੀ ਰਾਹ ਪਾਵੇਗਾ ਅਤੇ ਮਾਨਵਤਾ ਨੂੰ ਬਚਾਏਗਾ।" ਗੁਰੂ ਸਾਹਿਬ ਨੇ ਪਰਿਵਾਰਿਕ ਜੀਵਨ ਜਿਊਣ ਅਤੇ ਸਮਾਜਿਕ ਵਚਨਬੱਧਤਾ ਨਿਭਾਉਣ ਦੀ ਪ੍ਰੋੜ੍ਹਤਾ ਕੀਤੀ।



ਸਿਧਾਂ-ਜੋਗੀਆਂ ਨੇ ਆਪਣੀ ਜਾਦੂਈ ਸ਼ਕਤੀਆਂ ਨਾਲ ਕਈ ਕਰਾਮਾਤਾਂ ਵਿਖਾਈਆਂ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਨੇੜਲੇ ਛੱਪੜ ਤੋਂ ਪਾਣੀ ਭਰ ਕੇ ਲਿਆਉਣ ਲਈ ਕਿਹਾ। ਪਰ

ਉਜੜ ਜਾਣ ਦੀ ਅਸੀਸ ਦਿੱਤੀ।"

ਗੁਰੂ ਸਾਹਿਬ ਨੇ ਕਿਹਾ, "ਪਿਛਲੇ ਪਿੰਡ ਦੇ ਲੋਕ ਜਿਥੇ ਵੀ ਜਾਣਗੇ ਉਥੇ ਦੁਰਾਚਾਰ ਤੇ ਦੁਸ਼ਟਤਾ ਫੈਲਾਉਣਗੇ, ਇਸ ਲਈ ਚੰਗਾ ਹੈ ਕਿ ਉਹ ਉਥੇ ਹੀ ਵੱਸੇ ਰਹਿਣ। ਜਦਕਿ ਇਸ ਪਿੰਡ ਦੇ ਲੋਕ ਜਿਥੇ ਵੀ ਜਾਣਗੇ, ਉਥੇ ਸਿਆਣਪ, ਦਿਆਲਤਾ ਤੇ ਸਚਾਈ ਦਾ ਸਬਕ ਸਿਖਾਉਣਗੇ, ਇਸ ਲਈ ਚੰਗਾ ਹੋਵੇਗਾ ਜੇਕਰ ਇਹ ਇਸ ਪਿੰਡ ਨੂੰ ਛੱਡ ਕੇ ਹੋਰਨਾਂ ਥਾਵਾਂ ਉੱਤੇ ਵੀ ਜਾ ਕੇ ਵੱਸਣ।"

ਭਾਈ ਮਰਦਾਨਾ ਜੀ, ਇਸ ਤਰ੍ਹਾਂ ਦੇ ਬੋਲ ਸੁਣ ਕੇ ਹੈਰਾਨ ਰਹਿ ਗਏ ਅਤੇ ਕਹਿਣ ਲੱਗੇ, "ਸੱਚੇ ਪਤਾਸ਼ਾਹ ! ਤੇਰੀ ਮਹਿਮਾ ਦਾ ਅੰਤ ਨਹੀਂ ਪਾਇਆ ਜਾ ਸਕਦਾ।"

ਸੱਚੀ ਆਰਤੀ

ਗੁਰੂ ਨਾਨਕ ਸਾਹਿਬ ਕਈ ਥਾਵਾਂ ਤੋਂ ਹੁੰਦੇ ਹੋਏ ਉੜੀਸਾ ਦੇ ਸਮੁੰਦਰ ਤਟ ਉੱਤੇ ਮੰਦਰਾਂ ਦੀ ਧਰਤੀ, ਜਗੰਨਾਥ ਪੁਰੀ ਪਹੁੰਚੇ। ਉਥੇ ਆਪ ਜੀ ਨੇ ਵੇਖਿਆ ਕਿ ਰਥ ਯਾਤਰਾ ਕੱਢੀ ਜਾ ਰਹੀ ਹੈ ਜਿਸ ਵਿੱਚ ਅਨਗਿਣਤ ਲੋਕ ਭਗਵਾਨ ਜਗੰਨਾਥ ਦੀ ਮੂਰਤੀ ਵਾਲੇ ਸੋਲਹ ਪਹੀਏ ਦੇ ਪੱਥਰ ਤੋਂ ਬਣੇ ਰਥ ਨੂੰ ਖਿੱਚ ਰਹੇ ਹਨ। ਸ਼ਾਮ ਦੇ ਵੇਲੇ ਮੰਦਰ ਵਿੱਚ ਆਰਤੀ ਕੀਤੀ ਗਈ। ਬੇਸ਼ੁਮਾਰ ਦੀਵੇ ਜਗਾਏ ਗਏ। ਗਹਿਣੇ, ਫੁੱਲਾਂ ਤੇ ਸੁਗੰਧ ਨਾਲ ਭਰੇ ਕਈ ਸੁਨਹਿਰੀ ਥਾਲਾਂ ਨੂੰ ਪੂਜਾ ਲਈ ਸਜਾਇਆ ਗਿਆ। ਸ਼ਰਧਾਲੂਆਂ ਵੱਲੋਂ ਆਪਣੇ ਦੇਵਤੇ ਉੱਤੇ ਵੱਡੇ ਪੱਖੇ ਝੁਲਾਏ ਜਾ ਰਹੇ ਸਨ, ਭਜਨ ਗਾਏ ਜਾ ਰਹੇ ਹਨ ਅਤੇ ਟੱਲੀਆਂ ਖੜਕਾਈਆਂ ਜਾ ਰਹੀਆਂ ਹਨ। ਪੰਡਤਾਂ ਨੇ ਗੁਰੂ ਸਾਹਿਬ ਨੂੰ ਵੀ ਆਰਤੀ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

SIKHBOOKCLUB.COM

ਗੁਰੂ ਸਾਹਿਬ ਨੇ ਜੁਆਬ ਦਿੱਤਾ, "ਮਨੁੱਖੀ ਹੱਥਾਂ ਨਾਲ ਸਿਰਜੀ ਗਈ ਮੂਰਤੀ ਨੂੰ ਕਿਸੇ ਵੀ ਤਰ੍ਹਾਂ ਜਗਤ ਦਾ ਨਾਥ ਜਾਂ ਜਗੰਨਾਥ ਨਹੀਂ ਕਿਹਾ ਜਾ ਸਕਦਾ। ਉਹ ਨਿਰੰਕਾਰ ਪਰਮਾਤਮਾ ਹੀ ਅਸਲ ਨਾਥ ਤੇ ਸਿਰਜਨਹਾਰ ਹੈ। ਕੋਈ ਵੀ ਮਨੁੱਖੀ ਹੱਥ ਉਸਦੀ ਸਿਰਜਨਾ ਨਹੀਂ ਕਰ ਸਕਦੇ। ਅਤੇ ਉਸ ਅਕਾਲ ਪੁਰਖ ਦੀ ਆਰਤੀ ਤਾਂ ਸਦੀਵੀ ਹੋ ਰਹੀ ਹੈ, ਉਹ ਤਾਂ ਨਿਰੰਤਰ ਜਾਰੀ ਹੈ। ਇਹ ਤੁਹਾਡੇ ਉੱਤੇ ਹੈ ਕਿ ਤੁਸੀਂ ਉਸਨੂੰ ਵੇਖਣਾ ਚਾਹੁੰਦੇ ਹੋ ਜਾਂ ਨਹੀਂ।"

ਪੰਡਤਾਂ ਨੇ ਬੜੀ ਹੈਰਾਨੀ ਨਾਲ ਪੁੱਛਿਆ, "ਬਿਨਾ ਕਿਸੇ ਦੇ ਕੀਤਿਆਂ ਕਿਵੇਂ ਆਰਤੀ ਹੋ ਰਹੀ ਹੈ ?" ਗੁਰੂ ਸਾਹਿਬ ਨੇ ਉਸ ਸਮੇਂ 'ਆਰਤੀ' ਦਾ ਸ਼ਬਦ ਉਚਾਰਨ ਕੀਤਾ ਅਤੇ ਭਾਈ ਮਰਦਾਨਾ ਨੇ ਰਬਾਬ ਵਿੱਚ ਸੰਗਤ ਕੀਤੀ :

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥ ੧॥
ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥ ੧॥ ਰਹਾਉ॥

(ਗੁ.ਗ੍ਰੰ.ਸਾ. ਪੰਨਾ 663)

ਉਥੇ ਮੌਜੂਦ ਲੋਕਾਂ ਨੇ ਸੱਚੀ ਆਰਤੀ ਦਾ ਸ਼ਬਦ ਸ੍ਵਣ ਕੀਤਾ ਅਤੇ ਗੁਰੂ ਸਾਹਿਬ ਦੀ ਮਹਿਮਾ ਦਾ ਕਥਨ ਕੀਤਾ।

ਆਪਣੀਆਂ ਸ਼ਕਤੀਆਂ ਨਾਲ ਉਨ੍ਹਾਂ ਨੇ ਪਾਣੀ ਨੂੰ ਹੀਰਿਆਂ ਤੇ ਮੋਤੀਆਂ ਵਿੱਚ ਬਦਲ ਦਿੱਤਾ। ਗੁਰੂ ਸਾਹਿਬ ਉਨ੍ਹਾਂ ਦੀ ਇਸ ਲੋਭ ਵਿੱਚ ਉਲਝਾਉਣ ਦੀ ਤਰਕੀਬ ਨੂੰ ਸਮਝ ਗਏ। ਆਪ ਉਥੋਂ ਬਿਨਾ ਪਾਣੀ ਲਏ ਹੀ ਆ ਗਏ ਅਤੇ ਕਿਹਾ ਕਿ ਛੱਪੜ ਵਿੱਚ ਤਾਂ ਪਾਣੀ ਹੀ ਨਹੀਂ ਹੈ। ਜਦੋਂ ਸਿਧਾਂ-ਜੋਗੀਆਂ ਨੇ ਵੇਖਿਆ ਕਿ ਗੁਰੂ ਸਾਹਿਬ ਨਾ ਤਾਂ ਉਨ੍ਹਾਂ ਦੀ ਜਾਦੂਈ ਸ਼ਕਤੀਆਂ ਤੋਂ ਪ੍ਰਭਾਵਿਤ ਹੋਏ ਹਨ ਅਤੇ ਨਾ ਹੀ ਲੋਭ-ਲਾਲਚ ਆਪ ਜੀ ਨੂੰ ਡੋਲ ਸਕਿਆ ਹੈ ਤਾਂ ਉਨ੍ਹਾਂ ਸਾਰਿਆਂ ਨੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ। ਸਿਧਾਂ ਨਾਲ ਗੁਰੂ ਸਾਹਿਬ ਦੀ ਲੰਮੀ ਗੋਸਟ ਹੋਈ ਜੋ ਕਿ ਪ੍ਰਸ਼ਨ ਉੱਤਰ ਦੇ ਰੂਪ ਵਿੱਚ 'ਸਿਧ ਗੋਸਟਿ' ਨਾਂ ਹੇਠ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ।

ਸੱਜਣ ਠੱਗ

ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਜੀ, ਆਪਣੀਆਂ ਯਾਤਰਾਵਾਂ ਦੌਰਾਨ, ਤੁਲੰਬਾ (ਹੁਣ ਪੱਛਮ ਪਾਕਿਸਤਾਨ ਵਿੱਚ) ਨਾਂ ਦੇ ਸ਼ਹਿਰ ਵਿੱਚ ਪਹੁੰਚੇ। ਸ਼ਹਿਰ ਨੂੰ ਜਾਂਦੇ ਰਾਹ ਉੱਤੇ ਪੂਜਾ ਦੇ ਅਸਥਾਨ ਬਣੇ ਹੋਏ ਸਨ - ਹਿੰਦੂਆਂ ਲਈ ਮੰਦਰ ਤੇ ਮੁਸਲਮਾਨਾਂ ਲਈ ਮਸਜਿਦ। ਇਸ ਤੋਂ ਇਲਾਵਾ ਉਥੇ ਸ਼ੇਖ ਸੱਜਣ ਵੱਲੋਂ ਯਾਤਰੂਆਂ ਦੇ ਰਾਤ ਠਹਿਰਣ ਲਈ ਵਧੀਆ ਕਮਰੇ ਬਣਾਏ ਗਏ ਸਨ। ਸੱਜਣ ਯਾਤਰੂਆਂ ਦੀ ਚੰਗੀ ਤਰ੍ਹਾਂ ਸੇਵਾ ਕਰਦਾ ਅਤੇ ਰਾਤ ਨੂੰ ਉਨ੍ਹਾਂ ਨੂੰ ਮਾਰ ਕੇ, ਉਨ੍ਹਾਂ ਦਾ ਸਾਮਾਨ ਰੱਖ ਲੈਂਦਾ ਅਤੇ ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਕਮਰਿਆਂ ਦੇ ਪਿੱਛੇ ਬਣੇ ਖੂਹ ਵਿੱਚ ਸੁੱਟ ਦਿੰਦਾ।

ਗੁਰੂ ਸਾਹਿਬ ਤੇ ਭਾਈ ਮਰਦਾਨਾ ਜਦੋਂ ਉਥੇ ਪਹੁੰਚੇ ਤਾਂ ਸੱਜਣ ਦੁੱਧ ਵਾਂਗ ਚਿੱਟੇ ਕਪੜੇ ਪਾ ਕੇ, ਇੱਕ ਸ਼ਰੀਫ ਆਦਮੀ ਬਣ ਕੇ ਖੜਾ ਸੀ। ਗੁਰ ਸਾਹਿਬ ਨੂੰ ਵੇਖ ਕੇ ਸੱਜਣ ਨੇ ਸੋਚਿਆ ਕਿ ਕੋਈ ਅਮੀਰ ਆਦਮੀ ਆਪਣੇ ਸੇਵਕ ਨਾਲ ਆਇਆ ਹੈ ਅਤੇ ਇਸ ਨੇ ਚੋਰਾਂ ਤੋਂ ਬਚਣ ਲਈ ਸਾਧੂ ਦਾ ਭੇਖ ਧਾਰਨ ਕੀਤਾ ਹੋਇਆ ਹੈ। ਸੱਜਣ ਨੇ ਗੁਰੂ ਸਾਹਿਬ ਦਾ ਸੁਆਗਤ ਕੀਤਾ, ਅਦਬ-ਸਤਿਕਾਰ ਨਾਲ ਅੰਦਰ ਲੈ ਗਿਆ ਅਤੇ ਸੇਵਾ ਵਿੱਚ ਲਗ ਗਿਆ। ਰਾਤ ਨੂੰ ਆਰਾਮ ਕਰਨ ਤੋਂ ਪਹਿਲਾਂ, ਗੁਰੂ ਸਾਹਿਬ ਨੇ ਇੱਕ ਸ਼ਬਦ ਦਾ ਉਚਾਰਨ ਕੀਤਾ ਅਤੇ ਭਾਈ ਮਰਦਾਨਾ ਜੀ ਨੇ ਆਪ ਜੀ ਦਾ ਰਬਾਬ ਨਾਲ ਸਾਥ ਦਿੱਤਾ :

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।। ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ।। ੧।।
ਸਜਣੁ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ।। ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ।। ੧।। ਰਹਾਉ।।
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ।। ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ।। ੨।।
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ।। ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ।। ੩।।....

(ਗੁ.ਗ੍ਰੰ.ਸਾ. ਪੰਨਾ 729)

ਇਨ੍ਹਾਂ ਪੰਗਤੀਆਂ ਨੂੰ ਸੁਣ ਕੇ, ਸੱਜਣ ਖੜਾ ਹੋਇਆ ਅਤੇ ਗੁਰੂ ਸਾਹਿਬ ਦੇ ਚਰਨਾਂ ਉੱਤੇ ਡਿੱਗਦਿਆਂ ਸੋਚਣ ਲੱਗਾ, "ਇਹ ਸਾਰੀਆਂ ਪੰਗਤੀਆਂ ਮੇਰੇ ਆਪਣੇ ਜੀਵਨ ਤੇ ਕਰਮਾਂ ਉੱਤੇ ਢੁੱਕਦੀਆਂ ਹਨ। ਇਸ ਮਹਾਪੁਰਖ ਨੂੰ ਮੇਰੇ ਸਾਰੇ ਪਿਛਲੇ ਕਰਮਾਂ ਬਾਰੇ ਪਤਾ ਹੈ, ਇਹ ਵਾਕਈ ਅਸਲ ਵਿੱਚ ਦੂਜਿਆਂ ਅੰਦਰ ਝਾਤ ਮਾਰ ਸਕਦੇ ਹਨ।" ਸੱਜਣ ਨੇ ਆਪਣੀਆਂ ਪਿਛਲੀਆਂ ਸਾਰੀਆਂ ਗਲਤੀਆਂ ਲਈ ਗੁਰੂ ਸਾਹਿਬ ਤੋਂ ਮਾਫੀ ਮੰਗੀ ਅਤੇ ਆਪਣੇ ਜੁਰਮਾਂ ਨੂੰ ਕਬੂਲ ਕੀਤਾ। ਗੁਰੂ ਸਾਹਿਬ ਨੇ ਉਸਨੂੰ ਕਿਹਾ ਕਿ ਉਹ ਉਨ੍ਹਾਂ ਸਾਰਿਆਂ ਦੀ ਲੁੱਟੀ ਸੰਪਤੀ ਮੋੜ ਦੇਵੇ ਜਿਨ੍ਹਾਂ ਦਾ ਥਹੁ-ਟਿਕਾਣਾ ਉਸਨੂੰ ਪਤਾ ਹੈ, ਅਤੇ ਮਾੜੀ ਕਮਾਈ ਨਾਲ ਬਣੇ ਵੱਡੇ ਮਹਲਾਂ ਨੂੰ ਢਾਹ ਦੇਵੇ। ਸੱਜਣ ਨੇ ਗੁਰੂ ਸਾਹਿਬ ਦੀ ਆਗਿਆ ਦਾ ਪਾਲਨ ਕੀਤਾ ਅਤੇ ਉਹ ਉਸ ਤੋਂ ਬਾਅਦ ਇੱਕ ਵੱਖਰਾ ਹੀ ਇਨਸਾਨ ਬਣ ਗਿਆ ਜੋ ਨੇਕ ਜੀਵਨ ਬਤੀਤ ਕਰਦਾ ਅਤੇ ਪਰਮਾਤਮਾ ਦੀ ਸਿਫਤ-ਸਾਲਾਹ ਵਿੱਚ ਲਗਾ ਰਹਿੰਦਾ।

ਮੱਕਾ ਫੇਰੀ

ਗੁਰੂ ਸਾਹਿਬ ਸਊਦੀ ਅਰਬ ਵਿੱਚ ਮੁਸਲਮਾਨਾਂ ਦੀ ਪਵਿੱਤਰ ਧਰਤੀ ਮੱਕੇ ਉੱਤੇ ਪਹੁੰਚੇ ਜਿਥੇ ਮੁਲਮਾਨ ਲੋਕ ਹਜ ਲਈ ਜਾਂਦੇ ਹਨ। ਕਈ ਦਿਨਾਂ ਦੇ ਸਫਰ, ਕੁਝ ਪੈਦਲ ਤੇ ਕੁਝ ਊਂਠ ਰਾਹੀਂ ਪੂਰਾ ਕਰਕੇ, ਗੁਰੂ ਸਾਹਿਬ ਉਥੇ ਪਹੁੰਚੇ। ਰਾਤ ਨੂੰ ਗੁਰੂ ਸਾਹਿਬ ਪਵਿੱਤਰ ਕਾਬੇ ਦੇ ਦੁਆਲੇ ਬਣੇ ਰਾਹ ਉੱਤੇ ਬੈਠ ਗਏ ਅਤੇ ਉਥੇ ਹੀ ਕਾਬੇ ਵੱਲ ਪੈਰ ਕਰਕੇ ਆਪ ਜੀ ਆਰਾਮ ਕਰਨ ਲੱਗ ਪਏ। ਗੁਰੂ ਸਾਹਿਬ ਨੂੰ ਇੰਝ ਕਰਦੇ ਵੇਖ, ਇੱਕ ਮੁਸਲਮਾਨ ਸ਼ਰਧਾਲੂ ਨੇ ਗੁੱਸੇ ਵਿੱਚ ਆ ਕੇ ਕਿਹਾ, "ਤੁਸੀਂ ਕੌਣ ਹੋ ਅਤੇ ਤੁਸੀਂ ਅੱਲਾਹ ਦੇ ਘਰ ਵੱਲ ਪੈਰ ਕਰਕੇ ਇਸ ਤਰ੍ਹਾਂ ਕਿਉਂ ਸੌਂ ਰਹੇ ਹੋ ?" ਛੇਤੀ ਹੀ ਉਥੇ ਹੋਰ ਵੀ ਲੋਕ ਇਕੱਠੇ ਹੋ ਗਏ। ਗੁਰੂ ਸਾਹਿਬ ਨੇ ਹਲੀਮੀ ਨਾਲ ਜੁਆਬ ਦਿੱਤਾ, "ਭਾਈ ! ਮੈਨੂੰ ਦੱਸੋ ਕਿ ਕਿਥੇ ਅੱਲਾਹ ਨਹੀਂ ਰਹਿੰਦਾ।" ਇਹ ਸ਼ਬਦ ਸੁਣਦੇ ਹੀ ਉਸ ਵਿਅਕਤੀ ਨੂੰ ਇੱਕ ਨਵੀਂ ਰੌਸ਼ਨੀ ਦਾ ਅਹਿਸਾਸ ਹੋਇਆ - ਰੱਬ ਹਰ ਥਾਂ ਨਿਵਾਸ ਕਰਦਾ ਹੈ, ਉਹ ਕਿਸੇ ਖਾਸ ਥਾਂ ਉੱਤੇ ਨਹੀਂ ਰਹਿੰਦਾ, ਬਲਕਿ ਹਰ ਥਾਂ ਅਤੇ ਹਰ ਚੀਜ਼ ਵਿੱਚ ਹੈ।

ਉਥੇ ਮੌਜੂਦ ਹਾਜੀਆਂ ਨੇ ਗੁਰੂ ਸਾਹਿਬ ਨੂੰ ਪੁਛਿਆ ਕਿ ਹਿੰਦੂ ਵੱਡੇ ਹਨ ਜਾਂ ਮੁਸਲਮਾਨ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਜੁਆਬ ਦਿੱਤਾ ਕਿ ਚੰਗੇ ਕਰਮਾਂ ਤੋਂ ਬਿਨਾ ਦੋਵਾਂ ਨੂੰ ਹੀ ਰੋਣਾ ਪਵੇਗਾ ਅਤੇ ਕੇਵਲ ਹਿੰਦੂ ਜਾਂ ਮੁਸਲਮਾਨ ਹੋਣ ਨਾਲ ਅੱਲਾਹ ਦੇ ਦਰਬਾਰ ਵਿੱਚ ਢੋਈ ਨਹੀਂ ਮਿਲਦੀ।

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।।
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।।

SIKHBOOKCLUB.COM

(ਭਾਈ ਗੁਰਦਾਸ ਜੀ, ਵਾਰ 1, ਪਉੜੀ 33)

ਬਗਦਾਦ ਦੇ ਪੀਰ ਨੂੰ ਰੌਸ਼ਨੀ

ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਜੀ ਮੱਕੇ ਤੋਂ ਇਰਾਕ ਦੇਸ਼ ਦੇ ਬਗਦਾਦ ਸ਼ਹਿਰ ਵਿੱਚ ਪਹੁੰਚੇ। ਸ਼ਹਿਰ ਦੇ ਬਾਹਰ ਵੱਲ ਟਿਕਾਣਾ ਕਰਦਿਆਂ, ਗੁਰੂ ਸਾਹਿਬ ਨੇ ਨਮਾਜ਼ ਦੇ ਸਮੇਂ ਪਰਾਂਪਰਿਕ ਪਵਿੱਤਰ ਆਵਾਜ਼ (ਬਾਂਗ) ਦਿੱਤੀ ਜਿਸ ਨਾਲ ਕਿ ਉਥੋਂ ਦੇ ਲੋਕ ਹੈਰਾਨ ਹੋ ਗਏ ਕਿਉਂਕਿ ਉਨ੍ਹਾਂ ਨੇ ਇਸ ਤੋਂ ਪਹਿਲਾਂ ਨਮਾਜ਼ ਲਈ ਐਨੀ ਮਿੱਠੀ ਤੇ ਭਗਤੀ-ਭਾਵ ਵਾਲੀ ਆਵਾਜ਼ ਨਹੀਂ ਸੁਣੀ ਸੀ। ਉਥੋਂ ਦਾ ਪੀਰ ਵੀ ਲੋਕਾਂ ਨਾਲ ਆ ਜੁੜਿਆ ਅਤੇ ਉਸਨੇ ਗੁਰੂ ਸਾਹਿਬ ਨੂੰ ਕਈ ਸੁਆਲ ਕੀਤੇ, ਖਾਸ ਕਰ ਇਹ ਕਿ ਹਿੰਦੂ ਤੇ ਮੁਸਲਮਾਨਾਂ ਵਿਚੋਂ ਰੱਬ ਕਿਸ ਨੂੰ ਉਤਮ ਸਮਝਦਾ ਹੈ। ਗੁਰੂ ਸਾਹਿਬ ਨੇ ਜੁਆਬ ਦਿੱਤਾ, "ਉਤਮਤਾ ਦਾ ਸਬੰਧ ਧਰਮ ਨਾਲ ਨਹੀਂ ਬਲਕਿ ਚੰਗੇ ਕਰਮਾਂ ਨਾਲ ਹੈ।"

ਪੀਰ ਦੇ ਸ਼ੰਕੇ ਦੂਰ ਕਰਨ ਲਈ ਗੁਰੂ ਸਾਹਿਬ ਨੇ ਹੋਰ ਵੀ ਕਈ ਸੁਆਲਾਂ ਦਾ ਜੁਆਬ ਦਿੱਤਾ। ਫਿਰ ਵੀ ਪੀਰ ਗੁਰੂ ਸਾਹਿਬ ਦੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸੀ ਕਿ ਅਨਗਿਣਤ ਲੋਅ, ਪਾਤਾਲ ਤੇ ਆਗਾਸ ਹਨ। ਗੁਰੂ ਸਾਹਿਬ ਨੇ ਪੀਰ ਨੂੰ ਇਸ ਬਾਰੇ ਹੋਰ ਰੌਸ਼ਨੀ ਪਾਉਣ ਲਈ ਪੀਰ ਦੇ ਪੁੱਤਰ ਦੇ ਮੱਥੇ ਉੱਤੇ ਹੱਥ ਫੇਰਿਆ ਅਤੇ ਉਸਨੂੰ ਅੱਖਾਂ ਬੰਦ ਕਰਨ ਲਈ ਕਿਹਾ। ਐਸਾ ਕਰਦੇ ਹੀ ਪੀਰ ਦੇ ਪੁੱਤਰ ਨੇ ਆਪਣੀਆਂ ਅੰਦਰਲੀਆਂ ਅੱਖਾਂ ਨਾਲ ਕਈ ਪਾਤਾਲ ਤੇ ਅਕਾਸ਼ ਨਜ਼ਰੀਂ ਆਏ। ਜਦੋਂ ਉਸਨੇ ਅੱਖਾਂ ਖੋਲ੍ਹਣ ਉੱਤੇ ਦੱਸਿਆ ਕਿ ਇੱਕ ਪਲ ਵਿੱਚ ਹੀ ਉਸਨੇ ਆਪਣੀ ਅੰਦਰਲੀ ਨਜ਼ਰ ਨਾਲ ਕੀ ਕੁਝ ਪ੍ਰਤੀਤ ਕੀਤਾ ਹੈ ਤਾਂ ਉਥੇ ਮੌਜੂਦ ਲੋਕ ਗੁਰੂ ਸਾਹਿਬ ਦੇ ਚਰਨਾਂ ਵਿੱਚ ਨਿਵ ਗਏ।





ਵਲੀ ਕੰਧਾਰੀ ਦਾ ਹੰਕਾਰ ਤੋੜਨਾ

ਪੰਜਾਬ ਨੂੰ ਵਾਪਸ ਮੁੜਦੇ ਵਕਤ, ਗੁਰੂ ਸਾਹਿਬ ਤੇ ਭਾਈ ਮਰਦਾਨਾ ਹਸਨ ਅਬਦਾਲ ਨਾਂ ਦੀ ਥਾਂ ਉੱਤੇ ਪਹੁੰਚੇ ਜੋ ਕਿ ਹੁਣ ਪੱਛਮ ਪਾਕਿਸਤਾਨ ਵਿੱਚ ਹੈ। ਆਪ ਜੀ ਇੱਕ ਪਹਾੜੀ ਦੇ ਹੇਠਾਂ ਰੁੱਕ ਗਏ। ਉਸ ਪਹਾੜੀ ਦੇ ਉੱਤੇ ਇੱਕ ਮੁਸਲਮਾਨ ਫਕੀਰ ਰਹਿੰਦਾ ਸੀ ਜਿਸਨੂੰ ਵਲੀ ਕੰਧਾਰੀ ਕਹਿ ਕੇ ਸੱਦਿਆ ਜਾਂਦਾ ਸੀ। ਭਾਈ ਮਰਦਾਨਾ ਜੀ ਥਕਾਨ ਤੇ ਪਿਆਸ ਮਹਿਸੂਸ ਕਰ ਰਹੇ ਸਨ ਅਤੇ ਨੇੜੇ-ਤੇੜੇ ਪਾਣੀ ਨਾ ਹੋਣ ਕਰਕੇ, ਮਰਦਾਨਾ ਜੀ ਨੇ ਪਹਾੜੀ ਉਪਰ ਵਲੀ ਦੇ ਟਿਕਾਣੇ ਉੱਤੇ ਜਾ ਕੇ ਪਾਣੀ ਦੀ ਮੰਗ ਕੀਤੀ। ਇਹ ਪੁੱਛਣ ਉੱਤੇ ਕਿ ਉਹ ਕੌਣ ਹੈ ਅਤੇ ਉਹ ਇਸ ਥਾਂ ਉੱਤੇ ਕਿਵੇਂ ਪੁੱਜਾ, ਭਾਈ ਮਰਦਾਨਾ ਜੀ ਨੇ ਜੁਆਬ ਦਿੱਤਾ ਕਿ ਉਹ ਇੱਕ ਰਬਾਬੀ ਹੈ ਅਤੇ ਗੁਰੂ ਨਾਨਕ ਸਾਹਿਬ ਦੀ ਸੰਗਤ ਵਿੱਚ ਇਥੋਂ ਤਕ ਪਹੁੰਚਿਆ ਹੈ। ਵਲੀ ਕੰਧਾਰੀ ਨੇ ਪਾਣੀ ਦੇਣ ਤੋਂ ਮਨਾ ਕਰ ਦਿੱਤਾ ਅਤੇ ਕਹਿਣ ਲੱਗਾ ਕਿ ਜੇ ਉਸਦਾ ਗੁਰੂ ਐਨਾ ਵੱਡਾ ਮਹਾਪੁਰਖ ਹੈ ਤਾਂ ਉਸਨੂੰ ਆਪਣੇ ਸੇਵਕ ਨੂੰ ਪਿਆਸਾ ਨਹੀਂ ਰਖਣਾ ਚਾਹੀਦਾ।

ਇਹ ਸੁਣ ਕੇ ਭਾਈ ਮਰਦਾਨਾ ਜੀ ਉਥੋਂ ਪਰਤ ਆਏ ਅਤੇ ਗੁਰੂ ਸਾਹਿਬ ਨੂੰ ਦੱਸਿਆ ਕਿ ਵਲੀ ਨੇ ਕੀ ਕਿਹਾ ਹੈ। ਗੁਰੂ ਸਾਹਿਬ ਨੇ ਮਰਦਾਨਾ ਜੀ ਨੂੰ ਇੱਕ ਵਾਰ ਫਿਰ ਜਾ ਕੇ ਵਲੀ ਨੂੰ ਨਿਮਰਤਾ ਨਾਲ ਬੇਨਤੀ ਕਰਨ ਲਈ ਕਿਹਾ। ਮਰਦਾਨਾ ਜੀ ਨੇ ਗੁਰੂ ਸਾਹਿਬ ਦੀ ਆਗਿਆ ਦਾ ਪਾਲਨ ਕੀਤਾ ਪਰ ਫਿਰ ਦੁਬਾਰਾ ਨਾਕਾਮ ਵਾਪਸ ਪਰਤੇ।

ਇਸ ਉਪ੍ਰੰਤ ਗੁਰੂ ਸਾਹਿਬ ਨੇ ਆਪਣੇ ਹੱਥ ਵਿੱਚ ਫੜੀ ਛੜੀ ਦੇ ਸਿਰੇ ਨਾਲ ਪਹਾੜੀ ਨੂੰ ਛੋਹਿਆ। ਉਸੇ ਸਮੇਂ ਉਥੋਂ ਪਾਣੀ ਦਾ ਚਸ਼ਮਾ ਫੁੱਟ ਪਿਆ ਅਤੇ ਮਰਦਾਨਾ ਜੀ ਨੇ ਆਪਣੀ ਪਿਆਸ ਬੁਝਾਈ। ਪਰ ਨਾਲ ਹੀ ਪਹਾੜੀ ਉੱਤੇ ਵਲੀ ਕੰਧਾਰੀ ਦੇ ਛੱਪੜ ਵਿੱਚ ਪਾਣੀ ਘੱਟਣਾ ਸ਼ੁਰੂ ਹੋ ਗਿਆ ਅਤੇ ਛੇਤੀ ਹੀ ਸੁੱਕ ਗਿਆ। ਗੁੱਸੇ ਨਾਲ ਲਾਲ ਹੋ ਕੇ ਵਲੀ ਨੇ ਉਤੋਂ ਹੀ ਇੱਕ ਵੱਡਾ ਪੱਥਰ ਹੇਠਾਂ ਵੱਲ ਧੱਕ ਦਿੱਤਾ। ਗੁਰੂ ਸਾਹਿਬ ਨੇ ਪੱਥਰ ਨੂੰ ਤੇਜ਼ੀ ਨਾਲ ਹੇਠਾਂ ਆਉਂਦੇ ਵੇਖ ਆਪਣਾ ਹੱਥ ਉਤਾਂਹ ਵੱਲ ਚੁਕਿਆ ਅਤੇ ਜਿਵੇਂ ਹੀ ਉਹ ਪੱਥਰ ਗੁਰੂ ਸਾਹਿਬ ਦੇ ਹੱਥ ਦੇ ਪੰਜੇ ਦੇ ਸੰਪਰਕ ਵਿੱਚ ਆਇਆ, ਉਹ ਉਥੇ ਹੀ ਰੁੱਕ ਗਿਆ। ਗੁਰੂ ਸਾਹਿਬ ਦੇ ਹੱਥ ਦੇ ਪੰਜੇ ਦਾ ਨਿਸ਼ਾਨ ਪੱਥਰ ਉੱਤੇ ਉਕਰ ਗਿਆ ਅਤੇ ਇਹ ਹੁਣੇ ਵੀ ਗੁਰਦੁਆਰਾ ਪੰਜਾ ਸਾਹਿਬ ਦੀ ਥਾਂ ਉੱਤੇ ਵੇਖਿਆ ਜਾ ਸਕਦਾ ਹੈ।

ਪੰਜਾਬ ਉੱਤੇ ਬਾਬਰ ਵੱਲੋਂ ਚੜ੍ਹਾਈ

ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਜੀ ਮੁੜ ਸੈਦਪੁਰ ਪਹੁੰਚੇ ਜਿਥੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਭਾਈ ਲਾਲੋ ਬਹੁਤ ਖੁਸ਼ ਹੋਇਆ।

ਕਾਬੁਲ ਦੇ ਮੁਗਲ ਬਾਦਸ਼ਾਹ ਮੁਹੰਮਦ ਬਾਬਰ ਨੇ 1520 ਈ. ਵਿੱਚ ਸੈਦਪੁਰ (ਹੁਣ ਏਮਨਾਬਾਦ, ਪਾਕਿਸਤਾਨ) ਉੱਤੇ ਹਮਲਾ ਕੀਤਾ। ਇਸ ਹਮਲੇ ਦੌਰਾਨ ਹੋਈ ਖ਼ਤਰਨਾਕ ਲੁੱਟ ਤੇ ਤਬਾਹੀ ਨੂੰ ਗੁਰੂ ਸਾਹਿਬ ਨੇ ਵੇਖਿਆ ਅਤੇ ਆਪ ਜੀ ਨੂੰ ਵੀ ਇਸ ਹਮਲੇ ਬਾਅਦ ਬੰਦੀ ਬਣਾ ਲਿਆ ਗਿਆ। ਬਾਬਰ ਦੇ ਹਮਲੇ ਬਾਰੇ ਜ਼ਿਕਰ ਕਰਦਿਆਂ ਗੁਰੂ ਸਾਹਿਬ ਨੇ ਚਾਰ ਸ਼ਬਦ ਉਚਾਰਨ ਕੀਤੇ ਜਿਸਨੂੰ ਕਿ ਸਿੱਖ ਸਾਹਿਤ ਵਿੱਚ 'ਬਾਬਰਵਾਣੀ' ਕਿਹਾ ਜਾਂਦਾ ਹੈ। ਇਹ ਹਮਲਾਵਾਰਾਂ ਵੱਲੋਂ ਕੀਤੀ ਕਰੂਰਤਾ ਨੂੰ ਵੰਗਾਰ ਰਹੇ ਅਤੇ ਅਣ-ਮਨੁੱਖੀ ਵਰਤਾਰੇ ਨੂੰ ਮਹਿਸੂਸ ਕਰ ਰਹੇ ਹਿਰਦੇ ਦੀਆਂ ਭਾਵਨਾਵਾਂ ਹਨ। ਗੁਰੂ ਸਾਹਿਬ ਨੇ ਇਨ੍ਹਾਂ ਸ਼ਬਦਾਂ ਵਿੱਚ ਰੱਬ ਦੇ ਨਿਆਂ ਉੱਤੇ ਵਿਸ਼ਵਾਸ ਅਤੇ ਅਖੀਰ ਬੁਰਾਈ ਉੱਤੇ ਅੱਛਾਈ ਦੀ ਜਿੱਤ ਦੀ ਗੱਲ ਕੀਤੀ। ਨਾਲ ਹੀ ਆਪ ਜੀ ਨੇ ਬਾਬਰ ਦੀ ਫੌਜ ਨੂੰ "ਪਾਪ ਕੀ ਜੰਞ" ਆਖਿਆ।



SIKHBOOKCLUB.COM

ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਜੀ ਨੂੰ ਵੀ ਹੋਰਨਾਂ ਵਾਂਗ ਬੰਦੀ ਬਣਾ ਕੇ ਕੰਮ ਉੱਤੇ ਲਾ ਦਿੱਤਾ ਗਿਆ। ਗੁਰੂ ਸਾਹਿਬ ਨੂੰ ਚੁੱਕਣ ਲਈ ਭਾਰ ਅਤੇ ਭਾਈ ਮਰਦਾਨਾ ਜੀ ਨੂੰ ਘੋੜਾ ਫੜ ਕੇ ਨਾਲ ਤੁਰਨ ਲਈ ਕਿਹਾ ਗਿਆ। ਜਨਮਸਾਖੀਆਂ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਸਾਹਿਬ ਦੇ ਬਿਨਾ ਕਿਸੇ ਸਹਾਰੇ ਹੀ ਭਾਰ ਚੁਕਿਆ ਗਿਆ ਅਤੇ ਭਾਈ ਮਰਦਾਨਾ ਜੀ ਦੇ ਪਿੱਛੇ ਘੋੜਾ ਬਿਨਾ ਲਗਾਮ ਦੇ ਤੁਰੀ ਗਿਆ। ਬਾਬਰ ਨੂੰ ਜਦੋਂ ਇਸ ਦਾ ਪਤਾ ਲੱਗਾ ਤਾਂ ਉਹ ਕਹਿਣ ਲੱਗਾ, "ਮੈਨੂੰ ਇਸ ਸ਼ਹਿਰ ਉੱਤੇ ਹਮਲਾ ਨਹੀਂ ਕਰਨਾ ਚਾਹੀਦਾ ਸੀ।" ਬਾਬਰ ਨੇ ਗੁਰੂ ਸਾਹਿਬ ਦੇ ਚਰਨਾਂ ਨੂੰ ਹੱਥ ਲਾਉਂਦਿਆਂ ਕਿਹਾ, "ਇਸ ਫਕੀਰ ਦੇ ਮੁਖ ਤੋਂ ਅੱਲਾਹ ਦੇ ਦਰਸ਼ਨ ਹੁੰਦੇ ਹਨ।" ਫਿਰ ਉਥੇ ਮੌਜੂਦ ਸਾਰੇ ਲੋਕ, ਹਿੰਦੂ ਤੇ ਮੁਸਲਿਮ, ਗੁਰੂ ਸਾਹਿਬ ਨੂੰ ਨਮਸਕਾਰ ਕਰਨ ਲੱਗੇ। ਬਾਬਰ ਨੇ ਮੁੜ ਕਿਹਾ, "ਓ ਦਰਵੇਸ਼ ! ਮੇਰੇ ਤੋਂ ਕੁਝ ਪ੍ਰਵਾਨ ਕਰੋ।" ਗੁਰੂ ਸਾਹਿਬ ਨੇ ਜੁਆਬ ਦਿੱਤਾ, "ਮੈਨੂੰ ਕੁਝ ਨਹੀਂ ਚਾਹੀਦਾ ਪਰ ਤੁਸੀਂ ਇਨ੍ਹਾਂ ਸਾਰੇ ਬੰਦੀਆਂ ਨੂੰ ਰਿਹਾਅ ਕਰ ਦਿਓ ਅਤੇ ਇਨ੍ਹਾਂ ਦੀ ਸੰਪਤੀ ਵਾਪਸ ਮੋੜ ਦਿਓ।" ਬਾਬਰ ਨੇ ਗੁਰੂ ਸਾਹਿਬ ਦੇ ਬਚਨਾਂ ਉੱਤੇ ਅਮਲ ਕੀਤਾ ਅਤੇ ਸੈਦਪੁਰ ਦੇ ਸਾਰੇ ਬੰਦੀਆਂ ਨੂੰ ਛੱਡ ਦਿੱਤਾ।

ਕਰਤਾਰਪੁਰ ਦੀ ਸਥਾਪਨਾ

ਰਾਵੀ ਨਦੀ ਦੇ ਕੰਢੇ ਉੱਤੇ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਸਾਇਆ ਜੋ ਕਿ ਹੁਣ ਪਾਕਿਸਤਾਨ ਦੇ ਸਿਆਲਕੋਟ ਜ਼ਿਲੇ ਵਿੱਚ ਹੈ, ਅਤੇ ਆਪਣੀਆਂ ਲੰਮੀਆਂ ਯਾਤਰਾਵਾਂ ਦੇ ਬਾਅਦ ਗੁਰੂ ਸਾਹਿਬ ਨੇ ਇਥੇ ਨਿਵਾਸ ਕੀਤਾ। ਇਥੇ ਗੁਰੂ ਸਾਹਿਬ ਨੇ ਆਪਣੇ ਦੁਨਿਆਵੀ ਜੀਵਨ ਦੇ ਅਖੀਰਲੇ ਦੋ ਦਹਾਕੇ ਆਪਣੇ ਮਹਲ ਅਤੇ ਦੋ ਸਾਹਿਬਜ਼ਾਦਿਆਂ ਨਾਲ ਖੇਤੀਬਾੜੀ ਦੀ ਕਿਰਤ ਕਰਦੇ ਬਿਤਾਏ।

SIKHBOOKCLUB.COM

ਗੁਰੂ ਸਾਹਿਬ ਦੇ ਬਚਨਾਂ ਨੂੰ ਸੁਣਨ ਲਈ ਲੋਕ ਇਥੇ ਆਉਣ ਲਗੇ। ਗੁਰੂ ਸਾਹਿਬ ਉਨ੍ਹਾਂ ਨੂੰ ਪਰਮਾਤਮਾ, ਭਗਤੀ ਤੇ ਚੰਗੇ ਕਰਮਾਂ ਬਾਰੇ ਉਪਦੇਸ਼ ਕਰਦੇ। ਸਵੇਰੇ-ਸਵੇਰੇ ਹੀ ਬੰਦਗੀ ਸ਼ੁਰੂ ਹੋ ਜਾਂਦੀ, ਉਸ ਤੋਂ ਬਾਅਦ ਕੀਰਤਨ ਹੁੰਦਾ ਤੇ ਫਿਰ ਸਾਰੇ ਇਕੱਠੇ ਬੈਠ ਕੇ ਲੰਗਰ ਦੇ ਰੂਪ ਵਿੱਚ ਪ੍ਰਸ਼ਾਦਾ ਛੱਕਦੇ। ਇਸ ਤਰ੍ਹਾਂ ਕਰਤਾਰਪੁਰ ਸਿੱਖ ਧਰਮ ਦਾ ਮੁਖ ਕੇਂਦਰ ਬਣ ਗਿਆ।

ਬਾਬਾ ਬੁੱਢਾ ਜੀ ਨਾਲ ਮੁਲਾਕਾਤ

ਕੱਥੂ ਨੰਗਲ ਪਿੰਡ ਤੋਂ ਲੰਘਦਿਆਂ ਗੁਰੂ ਸਾਹਿਬ ਕੋਲ ਇੱਕ ਬੂੜਾ ਨਾਂ ਦਾ ਬਾਲਕ ਦੁੱਧ ਦਾ ਕਟੋਰਾ ਲੈ ਕੇ ਮਿਲਣ ਆਇਆ ਤੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼ ! ਆਪ ਜੀ ਦੇ ਦਰਸ਼ਨ ਕਰਕੇ ਮੈਂ ਧੰਨ ਹੋਇਆ ਹਾਂ। ਹੁਣ ਆਪ ਮੈਨੂੰ ਇਸ ਜਨਮ-ਮਰਨ ਦੇ ਗੇੜੇ ਵਿੱਚੋਂ ਕੱਢ ਦਿਉ।" ਗੁਰੂ ਸਾਹਿਬ ਨੇ ਕਿਹਾ, "ਤੁਹਾਡੀ ਅਜੇ ਉਮਰ ਛੋਟੀ ਹੈ ਪਰ ਤੁਸੀਂ ਗੱਲਾਂ ਬਹੁਤ ਸੂਝ ਵਾਲੀਆਂ ਕਰਦੇ ਹੋ।" ਬੂੜਾ ਨੇ ਜੁਆਬ ਦਿੱਤਾ, "ਇੱਕ ਵਾਰ ਸਾਡੇ ਪਿੰਡ ਵਿੱਚ ਕੁਝ ਫੌਜੀਆਂ ਨੇ ਡੇਰੇ ਲਾਏ ਅਤੇ ਉਨ੍ਹਾਂ ਨੇ ਸਾਰੀ ਫਸਲ ਬਰਬਾਦ ਕਰ ਦਿੱਤੀ - ਪੱਕੀ ਹੋਈ ਵੀ ਤੇ ਅਣਪੱਕੀ ਵੀ। ਤਾਂ ਮੈਨੂੰ ਲੱਗਾ ਕਿ ਇਨ੍ਹਾਂ ਫੌਜੀਆਂ ਨੂੰ ਕੋਈ ਨਹੀਂ ਦੱਸ ਸਕਿਆ ਕਿ ਕਿਹੜੀ ਫਸਲ ਪੱਕੀ ਹੋਈ ਹੈ ਤੇ ਕਿਹੜੀ ਕੱਚੀ ਅਤੇ ਇਨ੍ਹਾਂ ਨੇ ਸਭ ਦਾ ਨਾਸ਼ ਕਰ ਦਿੱਤਾ। ਫਿਰ ਮੌਤ ਨੂੰ ਸਾਡੇ ਉੱਤੇ ਹੱਥ ਪਾਉਣ ਤੋਂ ਕੌਣ ਰੋਕੇਗਾ, ਭਾਵੇਂ ਅਸੀਂ ਛੋਟੇ ਹੋਈਏ ਜਾਂ ਬੁੱਢੇ।" ਇਹ ਸੁਣ ਕੇ ਗੁਰੂ ਸਾਹਿਬ ਨੇ ਕਿਹਾ, "ਤੁਸੀਂ ਬਾਲ ਨਹੀਂ ਹੋ ਬਲਕਿ ਤੁਹਾਡੇ ਕੋਲ ਬੁੱਢੇ ਲੋਕਾਂ ਵਾਲੀ ਸੂਝ ਹੈ।" ਉਸ ਦਿਨ ਤੋਂ ਬੂੜਾ ਨੂੰ ਸਾਰੇ ਭਾਈ ਬੁੱਢਾ ਕਹਿਣ



ਲੱਗ ਪਏ ਅਤੇ ਬਾਅਦ ਵਿੱਚ ਉਹ ਬਾਬਾ ਬੁੱਢਾ ਜੀ ਕਰਕੇ ਸਿੱਖ ਜਗਤ ਵਿੱਚ ਜਾਣੇ ਗਏ। ਉਨ੍ਹਾਂ ਨੇ ਆਪਣਾ ਜ਼ਿਆਦਾ ਸਮਾਂ ਆਪਣੇ ਜੱਦੀ ਪਿੰਡ ਦੀ ਬਜਾਏ ਕਰਤਾਰਪੁਰ ਵਿੱਚ ਹੀ ਬਿਤਾਇਆ ਜਿਥੇ ਗੁਰੂ ਨਾਨਕ ਸਾਹਿਬ ਦਾ ਟਿਕਾਣਾ ਸੀ।

ਅਚਲ ਬਟਾਲੇ ਵਿਖੇ ਜੋਗੀਆਂ ਨਾਲ ਸੰਵਾਦ

ਦੇਸ਼ ਭਰ ਦੇ ਸਿਧ, ਸਾਧੂ ਤੇ ਜੋਗੀ ਤੀਰਥ ਯਾਤਰਾ ਉੱਤੇ ਬਟਾਲੇ ਦੇ ਅਚਲ ਮੰਦਰ ਵਿੱਚ ਆਉਂਦੇ ਸਨ, ਖਾਸ ਕਰ ਹਰ ਸਾਲ ਲੱਗਣ ਵਾਲੇ ਸ਼ਿਵਰਾਤਰੀ ਦੇ ਮੇਲੇ ਉੱਤੇ। ਗੁਰੂ ਸਾਹਿਬ ਵੀ ਇੱਕ ਵਾਰ ਇਸ ਮੇਲੇ ਵਿੱਚ ਕਰਤਾਰਪੁਰ ਤੋਂ ਪੁੱਜੇ।

ਗੁਰੂ ਸਾਹਿਬ ਦੇ ਬਟਾਲਾ ਪਹੁੰਚਣ ਉੱਤੇ ਹੀ ਇਹ ਖਬਰ ਫੈਲ ਗਈ ਕਿ ਇੱਕ ਮੰਨੇ ਹੋਏ ਮਹਾਪੁਰਖ 'ਗੁਰੂ ਨਾਨਕ' ਆਏ ਹਨ ਅਤੇ ਆਪ ਜੀ ਦੇ ਦਰਸ਼ਨਾਂ ਲਈ ਲੋਕ ਇਕੱਠੇ ਹੋ ਗਏ। ਇਥੇ ਗੁਰੂ ਸਾਹਿਬ ਨੇ ਨਾਥ-ਯੋਗੀਆਂ ਨਾਲ ਲੰਮਾ ਸੰਵਾਦ ਕੀਤਾ। ਇਨ੍ਹਾਂ ਦੇ ਮੁਖੀ ਜੋਗੀ ਭੰਗਰਨਾਥ ਨੇ ਗੁਰੂ ਸਾਹਿਬ ਨੂੰ ਸੁਆਲ ਕੀਤਾ, "ਤੁਸੀਂ ਦੁੱਧ ਵਿੱਚ ਕਾਂਜੀ ਕਿਉਂ ਪਾ ਦਿੱਤੀ ਹੈ, ਫਿੱਟੇ ਦੁੱਧ ਵਿੱਚੋਂ ਮੱਖਣ ਨਹੀਂ ਨਿਕਲਦਾ, ਤੁਸੀਂ ਕਿਉਂ ਉਦਾਸੀਆਂ ਦਾ ਭੇਖ ਉਤਾਰ ਕੇ, ਦੁਬਾਰਾ ਗ੍ਰਹਿਸਤੀ ਦਾ ਜੀਵਨ ਧਾਰਨ ਕਰ ਲਿਆ ਹੈ।"

ਗੁਰੂ ਸਾਹਿਬ ਨੇ ਜੁਆਬ ਦਿੱਤਾ, "ਤੁਹਾਨੂੰ ਦੂਜੇ ਤਰੀਕੇ ਨਾਲ ਦੀਖਿਆ ਦਿੱਤੀ ਗਈ ਹੈ। ਤੁਸੀਂ ਆਪਣਾ ਭਾਂਡਾ ਠੀਕ ਤਰ੍ਹਾਂ ਸਾਫ ਨਹੀਂ ਕੀਤਾ, ਇਸ ਲਈ ਮੱਖਣ ਕੌੜਾ ਹੋ ਗਿਆ ਹੈ। ਤੁਸੀਂ ਗ੍ਰਹਿਸਤੀ ਨੂੰ ਛੱਡ ਕੇ ਜੋਗੀ ਬਣੇ ਹੋ ਪਰ ਫਿਰ ਵੀ ਤੁਸੀਂ ਮੰਗਣ ਲਈ ਗ੍ਰਿਹਸਤੀਆਂ ਦੇ ਘਰਾਂ ਵਿੱਚ ਹੀ ਜਾਂਦੇ ਹੋ। ਤੁਸੀਂ ਰਹਿ ਨਹੀਂ ਸਕਦੇ ਜੇ ਤੁਹਾਨੂੰ ਉਹ ਕੁਝ ਦੇਣ ਨਾ।"

SIKHBOOKCLUB.COM

ਜੋਗੀਆਂ ਨੇ ਫਿਰ ਗੁਰੂ ਸਾਹਿਬ ਨੂੰ ਆਪਣੀਆਂ ਜਾਦੂਈ ਸ਼ਕਤੀਆਂ ਨਾਲ ਪ੍ਰਭਾਵਿਤ ਕਰਨਾ ਚਾਹਿਆ ਅਤੇ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਵੀ ਕਰਾਮਾਤ ਵਿਖਾਉਣ ਲਈ ਵੰਗਾਰਿਆ। ਗੁਰੂ ਸਾਹਿਬ ਨੇ ਉਨ੍ਹਾਂ ਦੇ ਜੰਤਰ-ਮੰਤਰ ਦੀ ਨਿਖੇਧੀ ਕਰਦਿਆਂ ਕਿਹਾ, "ਸਿਧੀਆਂ ਨਾਲ ਪ੍ਰਾਪਤ ਕੀਤਾ ਜਾਦੂ ਨਿਰਰਥਕ ਤੇ ਬੇਲੋੜਾ ਹੈ। ਮੈਂ ਸਿਵਾਏ ਸ਼ਬਦ ਦੇ, ਕਿਸੇ ਉੱਤੇ ਨਿਰਭਰ ਨਹੀਂ ਕਰਦਾ। ਪਰਮਾਤਮਾ ਦੇ ਸੱਚੇ ਨਾਮ ਤੋਂ ਬਿਨਾ ਮੇਰੇ ਕੋਲ ਹੋਰ ਕੋਈ ਕਰਾਮਾਤ ਨਹੀਂ। ਸਾਨੂੰ ਕਰਾਮਾਤਾਂ ਵਿਖਾ ਕੇ ਦੈਵੀ ਵਿਧਾਨ ਵਿੱਚ ਦਖਲ ਨਹੀਂ ਦੇਣਾ ਚਾਹੀਦਾ।" ਗੁਰੂ ਸਾਹਿਬ ਦੇ ਬਚਨ ਸੁਣ ਕੇ ਸਿਧਾਂ-ਜੋਗੀਆਂ ਨੇ ਸਹਿਮਤੀ ਪ੍ਰਗਟਾਈ।

ਮੁਲਤਾਨ ਦੇ ਪੀਰਾਂ ਨਾਲ ਮੁਲਾਕਾਤ

ਬਟਾਲੇ ਤੋਂ ਚਲ ਕੇ, ਗੁਰੂ ਸਾਹਿਬ ਮੁਲਤਾਨ ਪਹੁੰਚੇ ਜੋ ਕਿ ਮੁਸਲਮਾਨ ਪੀਰ-ਫਕੀਰਾਂ ਦਾ ਪ੍ਰਮੁਖ ਕੇਂਦਰ ਰਿਹਾ ਹੈ। ਜਿਵੇਂ ਹੀ ਗੁਰੂ ਸਾਹਿਬ ਮੁਲਤਾਨ ਪਹੁੰਚੇ, ਉਥੋਂ ਦੇ ਪੀਰ ਗੁਰੂ ਸਾਹਿਬ ਕੋਲ ਦੁੱਧ ਦਾ ਉੱਤੋਂ ਤਕ ਭਰਿਆ ਇੱਕ ਕਟੋਰਾ ਲੈ ਕੇ ਪਹੁੰਚ ਗਏ। ਇਸ ਤਰ੍ਹਾਂ ਉਹ ਕਹਿਣਾ ਚਾਹੁੰਦੇ ਸਨ ਕਿ ਇਹ ਥਾਂ ਪਹਿਲਾਂ ਹੀ ਧਾਰਮਿਕ ਆਗੂਆਂ ਨਾਲ ਭਰੀ ਪਈ ਹੈ। ਗੁਰੂ ਸਾਹਿਬ ਨੇ ਕਟੋਰੇ ਵਿੱਚ ਦੁੱਧ ਦੇ ਉੱਤੇ ਇੱਕ ਚੰਬੇਲੀ ਦਾ ਫੁਲ ਰੱਖ ਦਿੱਤਾ ਜੋ ਇਹ ਦਰਸਾਉਂਦਾ ਸੀ ਕਿ ਇਥੇ ਬਿਨਾ ਕਿਸੇ ਨੂੰ ਹਟਾਏ ਮੈਂ ਆਪਣੀ ਥਾਂ ਬਣਾ ਲਵਾਂਗਾ।

ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁਧ ਵਿਚ ਮਿਲਾਈ।।
ਜਿਉ ਸਾਗਰ ਵਿਚਿ ਗੰਗ ਸਮਾਈ।।

(ਭਾਈ ਗੁਰਦਾਸ, ਵਾਰ 1 ਪਉੜੀ 44)

ਮੁਲਤਾਨ ਵਿੱਚ ਕਈ ਲੋਕ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਸ੍ਵਣ ਕਰਨ ਅਤੇ ਦਰਸ਼ਨ ਕਰਨ ਲਈ ਆਏ, ਜਿਸ ਵਿੱਚ ਮੁਸਲਿਮ ਫਕੀਰਾਂ ਦੇ ਮੁਰੀਦ ਵੀ ਸ਼ਾਮਲ ਸਨ।

ਮੁਲਤਾਨ ਤੋਂ ਗੁਰੂ ਸਾਹਿਬ ਸਤਲੁਜ ਦਰਿਆ ਦੇ ਕੰਢੇ ਉੱਤੇ ਮੁਸਲਿਮ ਪੀਰਾਂ ਦੇ ਕੇਂਦਰ ਪਾਕਪਟਨ ਪਹੁੰਚੇ। ਇਸ ਥਾਂ ਉੱਤੇ ਗੁਰੂ ਸਾਹਿਬ ਨੇ ਪ੍ਰਸਿੱਧ ਸੂਫੀ ਫਕੀਰ ਸ਼ੇਖ ਫਰੀਦ ਜੀ ਦੀ ਗੱਦੀ ਉੱਤੇ ਬੈਠੇ ਸ਼ੇਖ ਬ੍ਰਹਮ ਕੋਲੋਂ ਫਰੀਦ ਜੀ ਦੀ ਬਾਣੀ ਪ੍ਰਾਪਤ ਕੀਤੀ ਜੋ ਕਿ ਬਾਅਦ ਵਿੱਚ (ਗੁਰੂ) ਗ੍ਰੰਥ ਸਾਹਿਬ ਵਿੱਚ ਦਰਜ ਕੀਤੀ ਗਈ। ਇਸ ਪਵਿੱਤਰ ਗ੍ਰੰਥ ਵਿੱਚ ਬਾਣੀ ਦਰਜ ਕਰਨ ਲਈ ਕਸੌਟੀ ਕੇਵਲ ਗੁਰੂ ਨਾਨਕ ਸਾਹਿਬ ਦੇ ਸਿਧਾਂਤ ਸਨ, ਨਾ ਕਿ ਜਾਤ ਜਾਂ ਸ਼੍ਰੇਣੀ ਦੀ ਉਤਮਤਾ। ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਇਸ ਵਿੱਚ ਹਿੰਦੂ ਭਗਤਾਂ ਤੇ ਮੁਸਲਿਮ ਪੀਰ-ਫਕੀਰਾਂ ਦੀ ਬਾਣੀ ਨੂੰ ਵੀ ਸ਼ਾਮਲ ਕਰਕੇ ਯੋਗ ਸਨਮਾਨ ਦਿੱਤਾ ਗਿਆ ਹੈ।

ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ



ਖਡੂਰ ਤੋਂ ਇੱਕ ਨੇਕ ਤੇ ਧਰਮੀ ਨੌਜੁਆਨ, ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਦੇ ਦਰਸ਼ਨਾਂ ਲਈ ਆਏ। ਆਪ ਹਰ ਸਾਲ ਜਵਾਲਾਜੀ ਦੀ ਤੀਰਥ ਯਾਤਰਾ ਕਰਦੇ ਸਨ ਅਤੇ ਇੱਕ ਵਾਰ ਯਾਤਰਾ ਦੇ ਵਿੱਚ ਹੀ, ਕਰਤਾਰਪੁਰ ਤੋਂ ਲੰਘਦੇ ਹੋਏ, ਆਪ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਰੁਕ ਗਏ। ਗੁਰੂ ਸਾਹਿਬ ਨੇ ਭਾਈ ਲਹਿਣਾ ਨਾਲ ਗੱਲਬਾਤ ਕੀਤੀ ਅਤੇ ਇਕ ਮੁਲਾਕਾਤ ਵਿੱਚ ਹੀ ਉਨ੍ਹਾਂ ਦੇ ਵਿਚਾਰਾਂ ਵਿੱਚ ਭਾਰੀ ਤਬਦੀਲੀ ਆ ਗਈ। ਆਪ ਨੇ ਇਹ ਕਹਿ ਕੇ ਅੱਗੇ ਯਾਤਰਾ ਉੱਤੇ ਜਾਣ ਲਈ ਸਾਥੀਆਂ ਨੂੰ ਮਨਾ ਕਰ ਦਿੱਤਾ ਕਿ ਯਾਤਰਾ ਦਾ ਮੰਤਵ ਕਰਤਾਰਪੁਰ ਵਿਖੇ ਪੂਰਾ ਹੋ ਗਿਆ ਹੈ। ਗੁਰੂ ਨਾਨਕ ਸਾਹਿਬ ਦੇ ਬਾਕੀ ਜੀਵਨ ਤਕ, ਭਾਈ ਲਹਿਣਾ ਕਦੇ ਕਰਤਾਰਪੁਰ ਤੇ ਕਦੇ ਖਡੂਰ ਵਿੱਚ ਰਹਿਣ ਲੱਗ ਪਏ।

ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਨੂੰ 'ਅੰਗਦ' ਨਾਮ ਦਿੱਤਾ ਕਿ ਉਹ ਉਨ੍ਹਾਂ ਦਾ 'ਅੰਗ' ਹੀ ਬਣ ਗਏ ਹਨ। ਅੰਗਦ ਜੀ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁਰੂ ਦੇ ਸ਼ਬਦ ਤੇ ਸੇਵਾ ਦੇ ਕਾਰਜਾਂ ਵਿੱਚ ਸਮਰਪਿਤ ਕਰ ਦਿੱਤਾ। ਇੱਕ ਵਾਰ ਅੰਗਦ ਜੀ ਕਰਤਾਰਪੁਰ ਪਹੁੰਚੇ ਤਾਂ ਗੁਰੂ ਨਾਨਕ ਸਾਹਿਬ ਖੇਤਾਂ ਵਿੱਚ ਕੰਮ ਕਰ ਰਹੇ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਗਿੱਲੇ ਘਾਹ ਦੀ ਪੰਡ ਚੁੱਕ ਕੇ ਘਰ ਤਕ ਲਿਜਾਉਣ ਲਈ ਕਿਹਾ। ਇਹ ਨਾ ਵੇਖਦੇ ਹੋਏ ਕਿ ਉਨ੍ਹਾਂ ਉਸ ਸਮੇਂ ਨਵੇਂ ਕਪੜੇ ਪਾਏ ਹੋਏ ਹਨ, ਉਨ੍ਹਾਂ ਨੇ ਉਸ ਗਿੱਲੀ ਪੰਡ ਨੂੰ ਚੁਕਿਆ ਅਤੇ ਸਿਰ ਉੱਤੇ ਰਖ ਲਿਆ। ਘਰ ਪਹੁੰਚਦਿਆਂ ਤਕ, ਘਾਹ ਵਿੱਚੋਂ ਨਿਕਲਦੇ ਚਿੱਕੜ ਕਰਕੇ ਉਨ੍ਹਾਂ ਦੇ ਸਾਰੇ ਕਪੜੇ ਖਰਾਬ ਹੋ ਗਏ। ਜਦੋਂ ਗੁਰੂ ਨਾਨਕ ਸਾਹਿਬ ਦੇ ਮਹਲ ਮਾਤਾ ਸੁਲੱਖਣੀ ਜੀ ਨੇ ਇਸ ਉੱਤੇ ਨਾਰਾਜ਼ਗੀ ਜਤਾਈ ਤਾਂ ਗੁਰੂ ਨਾਨਕ ਸਾਹਿਬ ਨੇ ਕਿਹਾ, "ਇਹ ਚਿੱਕੜ ਦੇ ਨਹੀਂ ਬਲਕਿ ਕੇਸਰ ਦੇ ਛਿੱਟੇ ਹਨ।" ਇਹ ਇਸ਼ਾਰਾ ਅੰਗਦ ਜੀ ਦੀ ਅਣਥੱਕ ਸੇਵਾ ਅਤੇ ਹੁਕਮ ਮੰਨਣ ਵੱਲ ਸੀ ਜਿਸ ਕਰਕੇ ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਗੁਰਗੱਦੀ ਲਈ ਯੋਗ ਜਾਣਿਆ। ਗੁਰੂ ਨਾਨਕ ਸਾਹਿਬ ਨੇ ਅੰਗਦ ਜੀ ਦੀਆਂ ਕਈ ਕਰੜੀਆਂ ਪਰੀਖਿਆਵਾਂ ਵੀ ਲਈਆਂ। ਅੰਗਦ ਦੇਵ ਜੀ ਦੇ ਨੇਕ ਤੇ ਸੇਵਾ-ਭਾਵ ਵਾਲੇ ਸੁਭਾਅ ਨੂੰ ਦਰਸਾਉਣ ਵਾਲੀਆਂ ਕਈ ਘਟਨਾਵਾਂ ਹਨ।



ਗੁਰੂ ਨਾਨਕ ਸਾਹਿਬ ਨੇ 1539 ਈ. ਵਿੱਚ ਆਪਣੇ ਦੋਨੋਂ ਸਾਹਿਬਜ਼ਾਦਿਆਂ ਨੂੰ ਪ੍ਰਮੁਖਤਾ ਨਾ ਦਿੰਦੇ ਹੋਏ ਅੰਗਦ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਆਪਣੇ ਜੋਤੀ-ਜੋਤਿ ਸਮਾਉਣ ਤੋਂ ਕੁਝ ਦਿਨ ਪਹਿਲਾਂ ਹੀ ਸੌਂਪ ਦਿੱਤੀ। ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਦੇਵ ਜੀ ਨੂੰ 'ਦੂਜਾ ਨਾਨਕ' ਥਾਪ ਕੇ, ਆਪਣੇ ਬਰਾਬਰ ਸਥਾਨ ਦੇ ਕੇ, ਆਪਣੀ ਜੋਤ ਉਨ੍ਹਾਂ ਵਿੱਚ ਬਿਰਾਜਮਾਨ ਕਰਕੇ ਇਹ ਦਰਸਾ ਦਿੱਤਾ ਕਿ ਗੁਰਗੱਦੀ ਦਾ ਉਤਰਾਧਿਕਾਰੀ ਕੋਈ ਜਨਮ ਕਰਕੇ ਨਹੀਂ ਬਲਕਿ ਆਪਣੇ ਗੁਣਾਂ ਕਰਕੇ ਹੁੰਦਾ ਹੈ।